ਮਾਸਕ ਪੱਤਰ

ੴ

# ਸੂਰਾ
## ਅੰਮ੍ਰਿਤਸਰ

ਬਾਉਲੀ ਸਾਹਿਬ ਸ੍ਰੀ ਗੋਇੰਦਵਾਲ




MAY 1979

ਮਈ ੧੯੭੯

www.AKJ.org
www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੯-੨੧ ਮਿਤੀ (੧੭-੧੦-੬੯ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਨਾਮ ਜਪਣ ਦੀ ਜੁਗਤੀ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੩ |
| ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰ ਪਰਹਰਿ ਪਰੈ | | ੪ |
| ਸ੍ਰੀ ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ-ਸ਼ਤਾਬਦੀ | 'ਸੂਰਾ' ਪਰਵਾਰ | ੫ |
| ਗੁਰਿ ਅਮਰਦਾਸਿ ਕਰਤਾਰ ਕੀਅਉ ਵਸਿ | ਸ. ਪਸ਼ੌਰਾ ਸਿੰਘ ਜੀ | ੭ |
| ਜੁ ਸਿਰੁ ਨਿਵੈ ਗੁਰ ਅਮਰ ਨਿਤ | ਜਾਲਪ ਭੱਟ | ੧੮ |
| ਅਬਦਾਲੀ, ਸਿੱਖ ਤੇ ਵਡਾ ਘਲੂਘਾਰਾ (੧੦) | ਕੈਪਟਨ ਸਵਰਨ ਸਿੰਘ ਜੀ | ੧੯ |
| ਜੀਵਨ ਕਥਾ ਗੁਰੂ ਅਮਰਦਾਸ ਜੀ (੨) | ਭਾਈ ਜੋਗਿੰਦਰ ਸਿੰਘ ਜੀ | ੨੫ |
| ਸਿਖਾਂ ਨੂੰ ਚਿਨੌਤੀ | ਸ. ਮਦਨ ਸਿੰਘ ਜੀ ਯੂ. ਕੇ. | ੩੧ |
| ਧੰਨ ਸ੍ਰੀ ਗੁਰੂ ਅਮਰਦਾਸ ਜੀ | ਸਰਦਾਰਨੀ ਸੁਵਰਨਜੀਤ ਕੌਰ | ੩੩ |
| ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ ਦਾ ਸ਼ਹੀਦੀ ਸਾਕਾ (ਕਵਿਤਾ) | ਗਿ: ਹਰਬੰਸ ਸਿੰਘ ਜੀ | ੩੯ |


## ਸ੍ਰੀ ਗੁਰੂ ਅਮਰਦਾਸ ਦੀ ਅਵਤਾਰ ਧਾਰਿਆ   ੧੧ ਮਈ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ਧਾਰਿਆ ੧੯ ਮਈ    ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ੩੦ ਮਈ

## 'ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਮਾਨ ਸਿੰਘ ਸੁਰਜੀਤ ਸਿੰਘ ਮਬਰਾ | ਵੀਰ ਅਮਰਜੀਤ ਸਿੰਘ ਜੀ ਦੇ ਅੰਤਮ ਭੋਗ ਸਮੇਂ | 11-00 |
| ਸ: ਰਾਮ ਸਿੰਘ ਜੀ ਇੰਦੌਰ | ਕਾਕਾ ਗੁਰਮੀਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | 5-00 |
| ਸ: ਹਰਬੰਸ ਸਿੰਘ ਜੀ ਟੀ. ਐਮ. ਕਾਲਾ ਕੋਟ | | 5-00 |
| ਸ: ਰਵਿੰਦਰ ਸਿੰਘ ਹੇਜ਼ ਯੂ. ਕੇ. | | 190-00 |
| ਸ: ਸੁਰਿੰਦਰ ਸਿੰਘ ਜੀ ਖੰਨਾ | | 15-00 |
| ਸ: ਦਲਜੀਤ ਸਿੰਘ ਤ੍ਰਿਲੋਚਨ ਸਿੰਘ ਕਾਨਪੁਰ | ਪਿਤਾ ਜਗਜੀਤ ਸਿੰਘ ਮਨੋਤਾ ਦੇ ਭੋਗ ਸਮੇਂ | 11-00 |
| ਸ: ਦਲੀਪ ਸਿੰਘ ਧਨਬਾਦ | | 51-00 |
| ਸ: ਗੁਰਚਰਨ ਸਿੰਘ ਜੀ ਨਵੀਂ ਦਿੱਲੀ | ਬੀਬੀ ਗੁਰਬਚਨ ਕੌਰ ਦੇ ਭੋਗ ਸਮੇਂ | 11-00 |
| ਸ: ਮੋਹਨ ਸਿੰਘ ਬਲ ਬੁਤਾਲਾ | | 20-00 |
| ...ਤਾ ਰੂਪ ਕੌਰ ਅੰਮ੍ਰਿਤਸਰ | | 5-00 |
| ... ਲਾਲ ਸਿੰਘ 'ਲਾਲ' ਪਾਨੀਪਤ | | 11-00 |
| ... ਸੁਰਜੀਤ ਸਿੰਘ ਅਟਵਾਲ ਡਰਬੀ | | 247-30 |
| ... ਸੁਰਜੀਤ ਸਿੰਘ ਚਾਵਲਾ ਕਾਨਪੁਰ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 21-00 |

ਵਾਹਿਗੁਰੂ ਸਭ ਨੂੰ ਸਿਖੀ ਸਿਦਕ ਤੇ ਨਾਮ ਦਾਨ ਬਖਸ਼ਣ।

...ਕੂਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧. ੫. ੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ੳ ਵਾਹਿਗੁਰੂ ਜੀ ਕੀ ਫ਼ਤਹਿ॥

ਮਾਸਕ ਸੂਰਾ ਪੱਤਰ

ਅੰਮ੍ਰਿਤਸਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ | ਮਈ ੧੯੭੯ | ਅੰਕ ੫

# ਨਾਮ ਜਪਣ ਦੀ ਜੁਗਤੀ

[ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਅਭਿਆਸ ਕਰਦੇ ਹੋਏ ਗੁਰਮੰਤਰ ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲ ਜੋੜਨਾ ਹੈ। ਨਾਮ ਜਪਦੇ ਹੋਏ, ਨਾਮ-ਜਾਪ ਦੇ ਅਰੰਭ ਵਿਚ ਸ਼ਬਦ ਨਾਲਿ ਸੁਰਤੀ ਲਾਉਣੀ ਹੈ । ਨਾਮ-ਸ਼ਬਦ ਦੀ ਜੋ ਧੁਨੀ ਅਭਿਆਸ-ਜਾਪ ਕਰਦਿਆਂ ਆਵੇ (ਨਿਕਲੇ), ਉਸ ਧੁਨਿ ਨਾਲਿ ਸੁਰਤੀ ਨੂੰ ਜੋੜਨਾ,ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲੁ ਹੈ । ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਅਰੰਭ ਕਰਦਾ ਹੈ । ਗੁਰਮੰਤਰ ਨਾਮ-ਸ਼ਬਦ ਚੁਅਖਰੇ ਦਾ ਪਹਿਲਾ ਦੁਅਖਰਾ ਸਹਿਤ ਸੁਆਸ ਦੇ ਅੰਦਰ ਨੂੰ ਖਿਚ ਕੇ ਉਪਰ ਨੂੰ ਦਸਵੇਂ ਦੁਆਰ ਓਥਿ ਲੈ ਜਾਵੇ । ਸਹਜਿ ਸੁਆਸੀ ਸੁਤੇ ਵੇਗ ਸੇਤੀ ਲੈ ਜਾਵੇ ਅਤੇ ਸਹਿਜ ਸੁਆਸੀ ਵੇਗ ਸੇਤੀ ਹੀ ਉਪਰੋਂ (ਅੰਦਰੋਂ) ਹੇਠਾਂ ਬਾਹਰ ਵਲ ਨੂੰ ਉਤਰਾਵੇ ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰਮੰਤਰੀ ਦੇ ਹਿਸੇ ਨੂੰ ਰਸਨਾ ਨਾਲਿ ਸਪਰਸ਼ ਕੇ ਨਿਕਸਾਵੇ । ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਿਜ ਵੇਗ ਸਹਿਤ ਸ਼ਬਦ-ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰਖੇ । ਉਪਰ ਨੂੰ, ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸਪੱਰਸ਼ ਹਲਕ (ਤਾਲੂ) ਸਹਿਤ ਹੋਵੇਂਗਾ ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸਪੱਰਸ਼ੇਗਾ । ਇਸ ਸਪੱਰਸ਼ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮਧਮਾ, ਪਰਾ, ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤਿ ਨੂੰ ਜੋੜਨਾ ਹੈ ।



www.AKJ.Org

"ਸਬਦ ਗੁਰੂ ਸੁਰਤਿ ਧੁਨਿ ਚੇਲਾ" ਦੇ ਗੁਰਵਾਕ ਅਨੁਸਾਰ ਇਹ ਗੁਰਮਤਿ ਨਾਮ ਅਭਿਆਸ ਦੀ ਖੇਡ ਹੈ। 'ਸ਼ਬਦ' ਗੁਰੂ ਰੂਪ ਇਸ ਕਰਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪੱਰਸ਼ ਪਾਰਸ ਰੂਪੀ ਹੈ, ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ (ਤਾਲੂ) ਨਾਲਿ ਸੁਰਤੀ ਸਹਿਤ ਸਪੱਰਸ਼ਿਆਂ ਕਾਟ ਕਰ ਕੇ ਸਣੇ ਸਣੇ ਵਿਸਮਾਦ ਰੂਪ ਵਿਚਿ ਲੀਨਤਾ ਦਾ ਅਨੰਦ, ਬਿਸਮ ਅਨੰਦ ਆਉਣ ਲਗ ਪੈਂਦਾ ਹੈ। ਰਸਨਾ ਨਾਲਿ ਸਪੱਰਸ਼ ਹੋਣ ਕਰਕੇ ਅੰਤਰਗਤਿ ਜੋਤਿ ਪ੍ਰਕਾਸ਼ ਦਾ ਰਸ ਰੁਮਕਣ ਲਗ ਪੈਂਦਾ ਹੈ। ਜਦੋਂ ਰਸ-ਬਿਸਮਤਾ ਦੀ ਨੌਬਤ ਆਣ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ-ਬਿਸਮਾਦ ਕਲਾ ਵਿਚਿ ਲੀਨ ਹੋ ਕੇ ਸਹਿਜ ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ। ਫੇਰ ਸੁਰਤੀ ਜੋੜਨ ਦਾ ਖ਼ਾਸ ਯਤਨ ਨਹੀਂ ਕਰਨਾ ਪੈਂਦਾ। ਰਸ-ਜੋਤਿ-ਪ੍ਰਕਾਸ਼ ਦੀ ਕਿਰਣ-ਕਣੀ ਹੀ ਸੁਰਤਿ-ਮਹਿਵੀਅਤ ਲਈ ਸਹਾਈ ਹੋਈ ਰਹਿੰਦੀ ਹੈ। ਸ਼ਬਦ-ਅਭਿਆਸ ਤੋਂ ਇਕ ਖਿਨ ਭੀ ਬਾਹਰ ਨਹੀਂ ਹੋਣ ਦੇਂਦੀ। ਗੁਰ ਪ੍ਰਸਾਦਿ ਕਰ ਹੀ ਇਹ ਬਿਧਿ ਬਣ ਆਉਂਦੀ ਹੈ ਅਤੇ ਜਿਉਂ ਜਿਉਂ ਇਹ ਬਿਧਿ ਬਣਦੀ ਹੈ ਤਿਉਂ ਤਿਉਂ ਗੁਰੂ ਕਰਤਾਰ ਦੇ ਸ਼ੁਕਰਾਨੇ ਵਿਚਿ ਨਿਮਰੀਭੂਤ ਹੋ ਕੇ ਅਭਿਆਸ-ਆਨੰਦਨੀ-ਖੇਡ ਐਸੀ ਹੁੰਦੀ ਹੈ ਕਿ ਸ਼ਬਦ ਅਭਿਆਸ ਗੁਰੂ-ਕਰਤਾਰ-ਸਨਮੁਖੀ ਅਰਦਾਸ ਰੂਪ ਹੋ ਜਾਂਦਾ ਹੈ। ਚੇਤੇ ਰਹੇ ਕਿ ਇਸ ਅਭਿਆਸ-ਰਸ-ਆਨੰਦਨੀ ਖੇਡ ਵਿਚਿ ਰਸ-ਪ੍ਰਾਇਣ ਹੋ ਕੇ, ਰਸ-ਰਸਾਇਣ ਹੋ ਕੇ ਅਭਿਆਸੀ ਜਨ ਦਾ ਰੋਮ ਰੋਮ ਰੁਮਕ ਉਠਦਾ ਹੈ, ਅੰਗ ਅੰਗ ਫਰਕਣ ਲਗ ਪੈਂਦਾ ਹੈ। ਹੋਂਠ ਭੀ ਆਪ-ਮੁਹਾਰੇ ਫਰਕਣ ਲੱਗ ਪੈਂਦੇ ਹਨ। ਇਹ ਅਮਿਉ ਰਸਾਇਣੀ ਰਸ ਅਤਯੰਤ ਹੀ ਅੱਜਰ ਵਸਤੂ ਹੈ। ਗੁਰ ਪ੍ਰਸਾਦਿ ਕਰ ਹੀ ਜਰਿਆ ਜਾ ਸਕਦਾ ਹੈ। ਅਰਦਾਸ ਰੂਪ ਅਭਿਆਸ (ਜੈਸਾ ਉਪਰ ਵਰਨਣ ਹੋਇਆ ਹੈ) ਇਸ ਅਜੱਰ ਪਦ ਨੂੰ ਜਰਾਉਣ ਲਈ ਬੜਾ ਹੀ ਸਹਾਈ ਹੁੰਦਾ ਹੈ। ਜੋ ਜਰ ਨਹੀਂ ਸਕਦੇ, ਉਹ ਭੁੜਕ ਕੇ ਉਠਦੇ ਹਨ। ਜਰਨ ਵਾਲਿਆਂ ਦੀ ਭੀ ਨਿਝਰ-ਝਰਨ-ਬਿਰਤੀ ਇਕ ਬਿਸਮ-ਅਨੰਦੀ ਹੁਲਾਰੇ ਦੀ ਅਕੱਥਨੀਯ ਮੌਜ ਵਿਚਿ ਹਾਲ ਖੇਡਣ ਲਗ ਪੈਂਦੀ ਹੈ। ਸਰੀਰ ਭੀ ਵਜਦ ਵਿਚਿ ਆ ਝੂਲਣ ਮੇਲ੍ਹਣ ਲਗ ਪੈਂਦਾ ਹੈ, ਪਰ ਸਹਿਜ-ਕਲਾ ਵਿਚਿ। ਇਸ ਵਜਦ-ਹੁਲਾਰੜੀ ਖੇਡ ਵਿਚਿ ਅੰਤਰੀਵੀ ਅਮਿਉ-ਰਸ ਰਸਾਇਣ ਸੇਤੀ ਸਰਸ਼ਾਰ ਹੋ ਕੇ ਅਤੇ ਬੇਹਬਲ ਹੋ ਕੇ ਅਭਿਆਸੀ ਜਨ, ਸ਼ਬਦ-ਅਭਿਆਸ-ਤਰੰਗੀ ਫੁਰਾਟੇ ਭੀ ਮਾਰਨ ਲਗ ਪੈਂਦਾ ਹੈ। ਇਨ੍ਹਾਂ ਫੁਰਾਟਿਆਂ ਸੁਰਾਟਿਆਂ, ਗੁਰਾਟਿਆਂ ਦੇ ਗਰਜਾਉਣ ਵਿਚਿ ਹੋਰ ਭੀ ਅਧਿਭੁਤ ਅਨੰਦ ਆਉਂਦਾ ਹੈ। ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਵੇ ਸੋ ਹੀ ਜਾਣਨ ਇਸ ਰਸ-ਅਨੰਦੀ ਖੇਡ ਨੂੰ। ਨਹੀਂ ਤਾਂ ਆਮ ਲੋਕੀ ਆਪਣੀ ਆਪਣੀ ਮੱਤ ਕੁਮੱਤ ਅਨੁਸਾਰ ਰਸ-ਫੁਰਾਟੀਆਂ, ਰਸ-ਰਸਾਟੀਆਂ, ਰਸ ਝਰਫ਼ਾਟੀਆਂ, ਰਸ ਸੁਰਤਾਟੀਆਂ, ਰਸ ਗੁਰਾਟੀਆਂ, ਰਸ ਗਜਰਾਟੀਆਂ ਦੀ ਇਸ ਅਨੂਪਮ ਤੇ ਅਲੌਕਿਕ ਖੇਡ (ਦਸ਼ਾ) ਨੂੰ ਦੇਖ ਕੇ ਮਖ਼ੌਲ ਉਡਾਉਣ ਲਗ ਪੈਂਦੇ ਹਨ। ਪਏ ਉਡਾਉਣ।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ

---

# ਗੁਰੁ ਅਮਰਦਾਸੁ ਜਿਨ੍ ਸੇਵਿਅਉ
# ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥

ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥
ਸਰਬ ਚਿੰਤ ਤੁਝੁ ਪਾਸਿ ਸਾਧ ਸੰਗਤਿ ਹਉ ਤਕਉ ॥
ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥
ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥
ਅਗਮ ਅਲਖ ਕਾਰਣ ਪੁਰਖ ! ਜੋ ਫੁਰਮਾਵਹਿ ਸੋ ਕਹਉ ॥
ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥੪॥੧੮॥ (੧੩੯੫)

www.AKJ.Org

# ਸ੍ਰੀ ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ ਸ਼ਤਾਬਦੀ

ਸ੍ਰੀ ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਮਿਤੀ ੧੧ ਮਈ ੧੯੭੯ ਸ਼ੁਕਰਵਾਰ ਨੂੰ ਆ ਰਹੀ ਹੈ, ਜਿਸ ਨੂੰ ਥਾਂ ਥਾਂ ਤੇ ਧੂਮ ਧਾਮ ਨਾਲ ਮਨਾਉਣ ਲਈ ਸੰਸਾਰ ਭਰ ਵਿਚ ਸਿਖ ਸੰਗਤਾ ਵਲੋਂ ਵਖ ਵਖ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਵਿਸ਼ੇਸ਼ ਪ੍ਰੋਗਰਾਮ ਸਮੁੱਚੇ ਸਿਖ ਜਗਤ ਵਲੋਂ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਸਿਰਜੇ ਹੋਏ ਮਹਾਨ ਗੁਰ-ਤੀਰਥ ਸ੍ਰੀ ਗੋਇੰਦਵਾਲ ਵਿਖੇ ਮਨਾਇਆ ਜਾ ਰਿਹਾ ਹੈ।

ਗੁਰੂ ਪਾਤਸ਼ਾਹ ਜੀ ਦਾ ਜਨਮ ਪੁਰਬ ਮਨਾਉਂਦਿਆਂ ਹੋਇਆਂ ਤਾਂ ਪੰਜ ਸਦੀਆਂ ਹੋ ਗਈਆਂ ਹਨ, ਪਰ ਇਸ ਸਾਲ ਇਹ ਪੁਰਬ ਮਨਾਉਣ ਲਈ ਵਿਸ਼ੇਸ਼ ਉਦਮ ਕੀਤਾ ਜਾ ਰਿਹਾ ਹੈ ਤੇ ਇਹ ਪ੍ਰੋਗਰਾਮ ਸਤਿਗੁਰਾਂ ਦੀਆਂ ਜਨਮ-ਸ਼ਤਾਬਦੀਆਂ ਮਨਾਉਣ ਦੀ ਨਵੀਂ ਚਲੀ ਲੀਹ ਦੀ ਹੀ ਕੜੀ ਵਿਚੋਂ ਹੈ।

ਇਸ ਤੋਂ ਪਹਿਲਾਂ ਵਿਸ਼ਵ ਪਧਰ ਤੇ ਕੁਝ ਸ਼ਤਾਬਦੀਆਂ ਮਨਾਈਆਂ ਜਾ ਚੁਕੀਆਂ ਹਨ, ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ-ਸ਼ਤਾਬਦੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਤੀਜੀ ਸ਼ਹੀਦੀ ਸ਼ਤਾਬਦੀ, ਸ੍ਰੀ ਅੰਮ੍ਰਿਤਸਰ ਦਾ ੪੦੦ ਸਾਲਾ ਸਥਾਪਨਾ ਦਿਵਸ ਆਦਿ।

ਪਿਛਲੇ ਪ੍ਰੋਗਰਾਮਾਂ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਇਹ ਪ੍ਰੋਗਰਾਮ ਕੇਵਲ ਫੁਲ-ਝੜੀ ਪ੍ਰੋਗਰਾਮ ਹੀ ਸਨ, ਭਾਵ ਇਹਨਾਂ ਵਿਚ ਪ੍ਰਾਪੇਗੰਡਾ, ਢੋਲ ਢਮੱਕਾ ਅਤੇ ਸ਼ੋ ਸ਼ਾਅ ਬਹੁਤਾ ਸੀ ਪਰ ਕੌਮ ਦੀ ਚੜ੍ਹਦੀ ਕਲਾ ਲਈ ਕਿਸੇ ਠਿਗਰ ਪ੍ਰਾਜੈਕਟ ਚਾਲੂ ਕੀਤੇ ਜਾਣ ਦੀ ਘਾਟ ਹੀ ਰਹੀ, ਜਿਸ ਦੇ ਨਤੀਜੇ ਵਜੋਂ ਇਹਨਾਂ ਪ੍ਰੋਗਰਾਮਾਂ ਉਤੇ ਕੌਮ ਦੇ ਲਖਾਂ ਰੁਪਏ ਖਰਚ ਹੋਣ ਦੇ ਬਾਵਜੂਦ ਸਿਖੀ ਪ੍ਰਚਾਰ ਦੀ ਹਾਲਤ ਤਰਸ ਯੋਗ ਹੈ। ਅਜਿਹੇ ਸਮਿਆਂ ਤੇ ਕੁਝ ਪ੍ਰਬੰਧਕ ਵਡੇ ਵਡੇ ਸ਼ਹਾਨਾ ਪ੍ਰੋਗਰਾਮ ਕਰ ਕੇ, ਉਹਨਾਂ ਵਿਚ ਰਾਜਸੀ ਬੰਦਿਆਂ ਨੂੰ ਸਦ ਕੇ ਤੇ ਉਹਨਾਂ ਨੂੰ ਸਨਮਾਨਤ ਕਰ ਕੇ ਅਸਲ ਵਿਚ ਆਪਣੀ ਸ਼ੁਹਰਤ ਕਾਇਮ ਕਰਨ ਦਾ ਬਾਨ੍ਹਣੂ ਬੰਨ੍ਹ ਰਹੇ ਹੁੰਦੇ ਹਨ। ਇਹਨਾਂ ਪ੍ਰੋਗਰਾਮਾਂ ਵਿਚ ਇਕੋ ਦਿਨ ਕਈ ਕਈ ਰਾਗੀ ਜਥੇ ਤੇ ਪ੍ਰਚਾਰਕ ਜਥੇ ਸਦ ਕੇ ਕੀਰਤਨ-ਦਰਬਾਰ ਕਰਨ ਉਤੇ ਸਾਰਾ ਜ਼ੋਰ ਲਾ ਦਿਤਾ ਜਾਂਦਾ ਹੈ। ਪ੍ਰੋਗਰਾਮ ਮੇਲੇ ਦਾ ਰੂਪ ਧਾਰ ਲੈਂਦੇ ਹਨ। ਰਾਗੀ ਜਥਿਆਂ ਤੇ ਪ੍ਰਚਾਰਕ ਜਥਿਆਂ ਨੂੰ ਅਧਾ ਅਧਾ ਘੰਟਾ ਕੀਰਤਨ ਤੇ ਵਖਿਆਨ ਕਰਨ ਵਜੋਂ ਹਜ਼ਾਰਾਂ ਹਜ਼ਾਰਾਂ ਰੁਪਏ ਭੇਟਾ ਕੀਤੇ ਜਾਂਦੇ ਹਨ। ਜਲੂਸਾਂ ਦੇ ਸਫ਼ਰ ਤੇ ਭੀੜ ਭੜੱਕੇ ਵਿਚ ਲੋਕੀ ਏਨੇ ਥੱਕੇ ਟੁਟੇ ਹੁੰਦੇ ਹਨ ਕਿ ਉਹਨਾਂ ਪਾਸ ਕੀਰਤਨ ਵਖਿਆਨ ਸੁਣਨ ਲਈ ਨਾ ਵਕਤ ਹੁੰਦਾ ਹੈ ਨਾ ਸਰੀਰਕ ਬਲ। ਜਦੋਂ ਦੀਵਾਨ ਵਿਚ ਸੰਗਤਾਂ ਦੇ ਆਉਣ ਦਾ ਸਮਾ ਹੁੰਦਾ ਹੈ, ਉਸ ਵੇਲੇ ਦੀਵਾਨ ਵਿਚ ਲੀਡਰ ਲੋਕੀ ਆਪਣੀਆਂ ਕਾਨਫਰੰਸਾਂ ਸ਼ੁਰੂ ਕਰ ਦੇਂਦੇ ਹਨ।

ਪ੍ਰੋਗਰਾਮਾਂ ਦੀ ਸਮਾਪਤੀ ਮਗਰੋਂ ਇਹੋ ਦੰਦ-ਕਥਾ ਰਹਿ ਜਾਂਦੀ ਹੈ, "ਬਲਾ ਵਾਈ ਬਲਾ! ਲੱਖਾਂ ਦੀ ਗਿਣਤੀ ਵਿਚ ਸੰਗਤ ਜੁੜੀ, ਕਈ ਮੀਲ ਲੰਮਾ ਜਲੂਸ ਟਰੱਕਾਂ, ਟਰੈਕਟਰਾਂ, ਬਸਾਂ, ਜੀਪਾਂ, ਕਾਰਾਂ ਆਦਿ ਦਾ ਨਿਕਲਿਆ। ਕਈ ਲੀਡਰ ਆਏ ਆਦਿ।" ਪਰ ਅਜਿਹਾ ਪ੍ਰੋਗਰਾਮ ਕੋਈ ਨਹੀਂ ਹੁੰਦਾ ਜਿਸ ਦੁਆਰਾ ਕੌਮ ਵਿਚ ਗੁਰਮਤਿ ਧਾਰਨ ਕਰਨ ਦਾ ਸਦੀਵੀ ਉਤਸ਼ਾਹ ਬਣਿਆ ਰਵ੍ਹੇ। ਸਾਰੇ ਪ੍ਰੋਗਰਾਮ ਨੁਮਾਇਸ਼ੀ ਹੁੰਦੇ ਨੇ।

ਅਜਿਹੇ ਪ੍ਰੋਗਰਾਮ ਪਹਿਲਾਂ ਕਾਫੀ ਹੋ ਚੁਕੇ ਹਨ ਤੇ ਉਹਨਾਂ ਦਾ ਲੇਖਾ ਜੋਖਾ ਸਾਡੇ ਸਾਹਮਣੇ ਹੈ।



www.AKJ.Org

ਉਸ ਨੂੰ ਵੇਖ ਕੇ ਸਾਨੂੰ ਸਿਖਿਆ ਲੈਣੀ ਚਾਹੀਦੀ ਹੈ।

ਸੋ ਆਉਂਦੇ ਸ਼ਤਾਬਦੀ ਪ੍ਰੋਗਰਾਮ ਵਿਚ ਹੇਠ ਲਿਖੇ ਤੱਥ ਖਾਸ ਵਿਚ ਰਖੇ ਜਾਣ ਦੀ ਲੋੜ ਹੈ :—

੧. ਕੀਰਤਨ ਤੇ ਵਖਿਆਨ ਪ੍ਰੋਗਰਾਮ ਗੁਰਪੁਰਬ ਦਿਹਾੜੇ ਤੋਂ ਕਈ ਦਿਨ ਪਹਿਲਾਂ ਅਰੰਭ ਕਰ ਕੇ ਕਈ ਦਿਨ ਮਗਰੋਂ ਤਕ ਜਾਰੀ ਰਖਿਆ ਜਾਵੇ ਤੇ ਇਕ ਇਕ ਦਿਨ ਕੇਵਲ ਇਕ ਇਕ ਰਾਗੀ ਜਥਾ, ਪ੍ਰਚਾਰਕ ਜੱਥਾ ਬੁਲਾਇਆ ਜਾਵੇ, ਜੋ ਪੂਰਾ ਸਮਾ ਲਾ ਕੇ ਸੰਗਤਾਂ ਦੀ ਸੇਵਾ ਕਰੇ।

੨, ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਅਧਾਰ ਤੇ ਉਹਨਾਂ ਦਾ ਪ੍ਰਮਾਣੀਕ ਜੀਵਨ ਪ੍ਰਸਿਧ ਸੰਤ-ਵਿਦਵਾਨਾਂ ਦੀ ਸਪੈਸ਼ਲ ਸਬ-ਕਮੇਟੀ ਦੁਆਰਾ ਲਿਖਵਾਇਆ ਜਾਵੇ।

੩. ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਪ੍ਰਮਾਣੀਕ ਟੀਕਾ ਪ੍ਰਸਿਧ ਟੀਕਾਕਾਰਾਂ ਦੀ ਸਬ-ਕਮੇਟੀ ਦੁਆਰਾ ਕਰਵਾਇਆ ਜਾਵੇ।

੪. ਸ੍ਰੀ ਗੁਰੂ ਅਮਰ ਦਾਸ ਜੀ ਦੀ ਸ਼ਤਾਬਦੀ ਦੀ ਯਾਦ ਵਿਚ ਗੁਰਮਤਿ ਦੀ ਵਿਦਿਆ ਦੇਣ ਲਈ ਇਕ ਵਿਸ਼ੇਸ਼ ਕੇਂਦਰੀ ਵਿਦਿਅਕ ਸੰਸਥਾ ਬਣਾਈ ਜਾਵੇ, ਜਿਸ ਦਾ ਪ੍ਰਬੰਧ ਆਦਰਸ਼ਕ ਜੀਵਨ ਵਾਲੇ ਗੁਰਸਿਖਾਂ ਦੁਆਰਾ ਕੀਤਾ ਜਾਵੇ। ਸਿਖ ਜਗਤ ਦੇ ਸਾਰੇ ਖਾਲਸਾ ਕਾਲਜਾਂ ਅਤੇ ਖਾਲਸਾ ਸਕੂਲਾਂ ਦਾ ਪ੍ਰਬੰਧ ਇਸ ਸੰਸਥਾ ਦੇ ਸਪੁਰਦ ਕੀਤਾ ਜਾਵੇ।

੫. ਗੁਰੂ ਕੇ ਲੰਗਰ ਦੀ ਗੁਰੂ ਮਹਾਰਾਜ ਵਲੋਂ ਚਲਾਈ ਪੁਰਾਤਨ ਪ੍ਰਥਾ ਕਾਇਮ ਕੀਤੀ ਜਾਵੇ, ਭਾਵ ਗੁਰੂ ਕੇ ਲੰਗਰ ਵਿਚ ਗੁਰ ਦੀਖਆ ਤੋਂ ਵਿਰਵਾ ਕੋਈ ਨਿਗੁਰਾ ਪੁਰਸ਼ ਲੰਗਰ ਪਕਾਉਣ ਜਾਂ ਵਰਤਾਉਣ ਵਿਚ ਹਿਸਾ ਨਾ ਲੈ ਸਕੇ। ਸਾਰੇ ਸੇਵਾਦਾਰ ਗੁਰਦੀਖਿਅਤ ਗੁਰਸਿਖ ਹੀ ਹੋਣ। ਪੰਗਤ ਵਿਚ ਛਕਣ ਲਈ ਵਡੇ ਛੋਟੇ ਜਾਂ ਊਚ ਨੀਚ ਦਾ ਕੋਈ ਭਿੰਨ ਭੇਦ ਨਹੀਂ ਹੋਣਾ ਚਾਹੀਦਾ। ਪੰਗਤ ਵਿਚ ਬੈਠ ਕੇ ਛਕਣ ਦਾ ਹਰ ਪ੍ਰਾਣੀ ਨੂੰ ਇਕੋ ਜਿਹਾ ਹੱਕ ਹੈ।

੬. "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਗੁਰਸਿਧਾਂਤ ਸ੍ਰਿਖੀ ਦਾ ਧੁਰਾ ਹੈ। ਇਸ ਦੇ ਪ੍ਰਚਾਰ ਲਈ ਵਿਸ਼ੇਸ਼ ਉਦਮ ਕੀਤਾ ਜਾਵੇ। ਗੁਰਬਾਣੀ ਦੀ ਪ੍ਰਾਈਵੇਟ ਪ੍ਰਕਾਸ਼ਨਾ ਕਾਨੂੰਨਨ ਬੰਦ ਕਰਵਾਉਣ ਲਈ ਉਪ੍ਰਾਲਾ ਕੀਤਾ ਜਾਵੇ।

੭. ਸਤਿਗੁਰਾਂ ਨੇ ਗੁਰਮਤਿ ਪ੍ਰਚਾਰ ਲਈ ੨੨ ਮੰਜੀਆਂ ਸਥਾਪਤ ਕੀਤੀਆਂ ਸਨ ਤੇ ਉਹਨਾਂ ਲਈ ਆਤਮ-ਵਿਗਾਸੀ ਗੁਰਸਿਖ ਨਿਯੁਕਤ ਕੀਤੇ ਸਨ। ਇਸ ਤੋਂ ਸੇਧ ਲੈ ਕੇ ਆਤਮ ਸਮਰਪਣ ਵਾਲੇ ਗੁਰਸਿਖਾਂ ਉਤੇ ਅਧਾਰਤ ਸਿਖ ਮਿਸ਼ਨ ਦੀ ਅਤੀਅੰਤ ਲੋੜ ਹੈ।

---

## ਪਿੰਡ ਗਲਵੱਡੀ ਨੇੜੇ ਖੰਨਾ ਮੰਡੀ ਵਿਖੇ ਮਾਸਕ ਰੈਣ ਸਬਾਈ

ਭਾਈ ਦਰਸ਼ਨ ਸਿੰਘ ਜੀ ਦੇ ਗ੍ਰਹਿ ਪਿੰਡ ਗਲਵੱਡੀ ਵਿਖੇ ੧੨ ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪਿੰਡ ਗਲਵੱਡੀ ਖੰਨਾ ਮੰਡੀ ਤੋਂ ਡੇਢ ਮੀਲ ਤੇ ਅਮਲੋਹ ਰੋਡ ਤੇ ਹੈ। ਬਸ ਅੱਡਾ ਖੰਨਾ ਤੋਂ ਸੰਗਤਾਂ ਨੂੰ ਲਿਜਾਣ ਦਾ ਪਰਬੰਧ ਹੋਵੇਗਾ।

ਪੁੱਛ ਗਿੱਛ—ਭਾਈ ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕਘਰ ਲੋਹਟਵਦੀ (ਸੰਗਰੂਰ)

## ਪਿੰਡ ਗੁੜੇ (ਜਗਰਾਉਂ) ਵਿਖੇ ਮਾਸਕ ਅਖੰਡ ਕੀਰਤਨ ਸਮਾਗਮ

ਡਾ: ਜਤਿੰਦਰ ਸਿੰਘ ਪੱਬੀਆਂ ਬੇਨਤੀ ਕਰਦੇ ਹਨ ਕਿ ਪਿੰਡ ਗੁੜੇ ਵਿਖੇ ੨ ਮਈ ਬੁਧਵਾਰ ਨੂੰ ਰਾਤ ਸਾ ਸੱਤ ਤੋਂ ਸਾਢੇ ਬਾਰ੍ਹਾਂ ਵਜੇ ਤਕ ਅਖੰਡ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।



www.AKJ.Org

# 'ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ'

[ਵਲੋਂ—ਸ: ਪਸ਼ੌਰਾ ਸਿੰਘ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਵੀਂ ਦਿਲੀ]

(੧)

ਗੁਰੂ ਅਮਰਦਾਸ ਜੀ ਦਾ ਜੀਵਨ ਇਤਨਾ ਭਰਪੂਰ ਤੇ ਵਚਿੱਤਰ ਹੈ ਕਿ ਉਨ੍ਹਾਂ ਦੀ ਪਾਵਨ ਸ਼ਖ਼ਸੀਅਤ ਤੇ ਬਖ਼ਸ਼ਿਸ਼ਾ ਦੀ ਸਾਰ ਲੈਣੀ ਮਨੁੱਖੀ ਸਮਰੱਥਾ ਦੇ ਵਸ ਦੀ ਗੱਲ ਨਹੀਂ। ਗੁਰੂ ਗ੍ਰੰਥ ਸਾਹਿਬ ਦੇ ਰੱਬੀ ਭੱਟਾਂ ਨੇ ਆਪਣੇ ਰੂਹਾਨੀ ਅਨੁਭਵ ਦੇ ਰਾਹੀਂ ਜੋ ਬਚਨ ਲਿਖੇ ਹਨ, ਉਹ ਗੁਰੂ ਜੀ ਦੇ ਜੀਵਨ ਦੇ ਹਰ ਪਹਿਲੂ ਤੇ ਖ਼ੂਬ ਰੌਸ਼ਨੀ ਪਾਉਂਦੇ ਹਨ। ਭੱਟ ਭਲ੍ਹ ਨੇ ਠੀਕ ਆਖਿਆ ਹੈ ਕਿ ਕੋਈ ਧਿਆਨ ਦੀ ਪ੍ਰਬਲ ਸ਼ਕਤੀ ਦੁਆਰਾ ਸ਼ਾਇਦ ਬਦਲਾਂ ਦੀਆਂ ਕਣੀਆਂ ਗਿਣ ਸਕੇ, ਧਰਤੀ ਦੀ ਬਨਸਪਤੀ ਦਾ ਲੇਖਾ ਲਾ ਲਵੇ, ਸੂਰਜ ਦੀਆਂ ਕਿਰਨਾਂ ਮਿਣ ਲਵੇ, ਸਮੁੰਦਰ ਦਾ ਥਾਹ ਪਾ ਲਵੇ, ਗੰਗਾ ਦੀਆਂ ਲਹਿਰਾਂ ਦਾ ਹਿਸਾਬ ਲਗਾ ਲਵੇ, ਪਰ ਗੁਰੂ ਅਮਰਦਾਸ ਜੀ ਦੇ ਗੁਣਾਂ ਦੀ ਕੋਈ ਗਿਣਤੀ ਨਹੀਂ ਕਰ ਸਕਦਾ, ਕਿਉਂਕਿ ਆਪਣੇ ਵਰਗੇ ਉਹ ਆਪ ਹੀ ਹਨ :

ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ ॥
[ਪੰਨਾ ੧੩੯੬

ਗੁਰੂ ਅਮਰਦਾਸ ਜੀ ਦੀ ਅਦਭੁਤ ਮਹਾਨਤਾ ਦਾ ਵਰਨਣ ਤਾਂ ਨਹੀਂ ਹੋ ਸਕਦਾ, ਪਰੰਤੂ ਉਨ੍ਹਾਂ ਬਾਰੇ ਕੁਝ ਝਲਕ ਪ੍ਰਾਪਤ ਕਰਨ ਦਾ ਯਤਨ ਹੀ ਇਤਨਾ ਸੁਹਾਵਣਾ ਹੈ ਕਿ ਉਸ ਦੇ ਨਾਲ ਦ੍ਰਿਸ਼ਟੀ ਬਦਲ ਜਾਂਦੀ ਹੈ ਅਤੇ ਜੀਵਨ ਵਿਚ ਇਕ ਰਸ ਤੇ ਖੇੜਾ ਵਿਗਸਣ ਲਗ ਪੈਂਦਾ ਹੈ। ਚਰਚਾ ਪੂਰੀ ਤਾਂ ਕੀ ਹੋਣੀ ਹੈ, ਚਰਚਾ ਕਰਦਿਆਂ ਕਰਦਿਆਂ ਧਿਆਨ ਦਾ ਬੀਜ ਪ੍ਰਫੁਲਤ ਹੋਣ ਲਗ ਪੈਂਦਾ ਹੈ। ਇਹ ਉਨ੍ਹਾਂ ਵਲ ਉਨਮੁਖ ਹੋਣ ਦਾ ਇਕ ਸੁੰਦਰ ਮੌਕਾ ਹੈ, ਜਿਸ ਦੇ ਨਾਲ ਹਿਰਦੇ ਦੀਆਂ ਗਹਿਰਾਈਆਂ ਵਿਚੋਂ ਆਪ-ਮੁਹਾਰੇ ਹੀ "ਬਲਿ ਬਲਿ ਬਲਿ ਬਲਿ ਸਦ ਬਲਿਹਾਰਿ*" ਦੀ ਝਰਨਾਹਟ ਛਿੜ ਪੈਂਦੀ ਹੈ। ਸਭ ਤੋਂ ਵਡੀ ਹੈਰਾਨੀ ਇਹ ਹੈ ਕਿ ਜਿਸ ਬੁਢੇਪੇ ਵਿਚ ਲੋਕੀ ਹਾਰ-ਹੰਭ ਜਾਂਦੇ ਹਨ, ਮਤਹੀਣ ਤੇ ਸਤਰੇ-ਬਹੱਤਰੇ ਜਾਂਦੇ ਹਨ, ਅਤੇ ਮੌਤ ਦੀ ਉਡੀਕ ਕਰਦੇ ਹੋਏ ਨਿਰਾਸਤਾ ਦੀਆਂ ਘੁੰਮਣ ਘੇਰੀਆਂ ਵਿਚ ਡਿਕਡੋਲੇ ਖਾਂਦੇ ਗਿਣ ਗਿਣ ਕੇ ਦਿਨ ਕੱਟਦੇ ਹਨ; ਗੁਰੂ ਅਮਰਦਾਸ ਜੀ ਨੇ ਸਾਬਤ ਕਰ ਦਿਤਾ ਕਿ ਗੁਰਮੁਖਤਾ ਦੇ ਮਾਰਗ ਤੇ ਚਲਣ ਵਾਲੇ ਕਦੇ ਬੁੱਢੇ ਨਹੀਂ ਹੁੰਦੇ, 'ਕਾਲੀ ਧਉਲੀ ਸਾਹਿਬੁ ਸਦਾ ਹੈ†' ਮਿਲ ਸਕਦਾ ਹੈ, ਜੇ ਉਸ ਦੀ ਰਹਿਮਤ ਹੋ ਜਾਏ। ਉਨ੍ਹਾਂ ਦੇ ਜੀਵਨ ਵਿਚੋਂ ਆਸ਼ਾਵਾਦੀ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ ਜੋ ਸਾਡੇ ਲਈ ਪ੍ਰੇਰਨਾ ਦਾ ਅਦੁੱਤੀ ਸੋਮਾ ਹੈ।

(੨)

ਆਤਮਿਕ ਜੀਵਨ ਵਿਚ ਵਿਕਾਸ ਕਰਨ ਲਈ ਗੁਰਮਤਿ ਅਨੁਸਾਰ ਦੋ ਸਾਧਨ ਪ੍ਰਮੁਖ ਹਨ : ਸੇਵਾ ਅਤੇ ਸਿਮਰਨ, ਜਿਨ੍ਹਾਂ ਨੂੰ ਸਿੱਖੀ ਦੇ ਮਹੱਲ ਦੇ ਦੋ ਵਡੇ ਥੰਮ ਸਵੀਕਾਰ ਕੀਤਾ ਜਾਂਦਾ ਹੈ। ਇਹ ਦੋਵੇਂ ਨਾਲ ਨਾਲ ਚਲਣੇ ਚਾਹੀਦੇ ਹਨ, ਤਦ ਹੀ ਸਿੱਖੀ ਦਾ ਬੀਜ ਹਿਰਦੇ ਵਿਚ ਪ੍ਰਫੁਲਤ ਹੁੰਦਾ ਹੈ। 'ਸੇਵਾ' ਸਿਮਰਨ ਦੀ ਸਿਖਲਾਈ ਭੀ ਹੈ, ਤੇ ਉਸ ਵਿਚ ਪੂਰਨਤਾ ਹਾਸਲ ਕਰਨ ਦੀ ਕਸਵੱਟੀ ਭੀ, ਕਿਉਂਕਿ ਟਹਿਲੋਂ ਹੀ ਮਹਿਲ ਪ੍ਰਾਪਤ ਹੁੰਦਾ ਹੈ। ਕੋਈ ਵੀ ਧਾਰਮਿਕ ਵਿਅਕਤੀ ਨਾਮ ਜਪਣ ਦੀ ਡੀਂਗ ਮਾਰੇ,

---

* ਸਵਯੇ ਸ੍ਰੀਮੁਖ ਬਾਕ੍ ਮ: ੫, ਪੰਨਾ ੧੩੯੬

† ਮ: ੩, ਪੰਨਾ ੧੩੭੮



www.AKJ.Org

ਪਰ ਸੇਵਾ ਨ ਕਰੇ; ਉਸ ਦਾ ਦਾਅਵਾ ਸ਼ੱਕੀ ਸਮਝਣਾ ਚਾਹੀਦਾ ਹੈ । ਗੁਰੂ ਅਮਰਦਾਸ ਜੀ ਦਾ ਆਪਣਾ ਫੁਰਮਾਨ ਹੈ ਕਿ ਰਸਨਾ ਨਾਲ ਨਾਮ ਤਾਂ ਹਰ ਕੋਈ ਕਹਿੰਦਾ ਹੈ, ਪ੍ਰੰਤੂ ਨਾਮ ਦੀ ਪ੍ਰਾਪਤੀ ਸਤਿਗੁਰੂ ਦੀ ਸੇਵਾ ਨਾਲ ਹੀ ਹੋ ਸਕਦੀ ਹੈ :

ਰਸਨਾ ਨਾਮੁ ਸਭੁ ਕੋਈ ਕਹੈ ॥
ਸਤਿਗੁਰ ਸੇਵੇ ਤਾ ਨਾਮੁ ਲਹੈ ॥੧॥(੫॥੪॥੧੩)
ਮਲਾਰ ਮ: ੩, ਪੰਨਾ ੧੨੬੨

ਸੇਵਾ ਉਸ ਦੀ ਕੀਤੀ ਜਾਂਦੀ ਹੈ ਜਿਸ ਨਾਲ ਅਥਾਹ ਪ੍ਰੇਮ ਤੇ ਸ਼ਰਧਾ ਹੋਵੇ । ਪ੍ਰੇਮ ਹਿਰਦੇ ਵਿਚ ਮੱਘਦੀ ਇਕ ਜਵਾਲਾ ਹੈ, ਜੋ ਹਉਮੈ ਨੂੰ ਸਾੜਦੀ ਹੈ ਅਤੇ ਸ਼ਰਧਾ ਉਸ ਤੋਂ ਵੀ ਪ੍ਰਚੰਡ ਅੱਗ ਹੁੰਦੀ ਹੈ, ਕਿਉਂਕਿ ਸ਼ਰਧਾ ਪ੍ਰੇਮ ਦਾ ਨਿਖਰੇ ਤੋਂ ਨਿਖਰਿਆ ਹੋਇਆ ਰੂਪ ਹੁੰਦਾ ਹੈ, ਜਿਸ ਦੇ ਸਦਕਾ ਪ੍ਰੇਮੀ ਦੇ ਨਾਲ ਭਾਵਨਾਤਮਿਕ ਸੰਬੰਧ ਜੁੜ ਜਾਂਦਾ ਹੈ । ਜਿਉਂ ਜਿਉਂ ਹਉਮੈ ਦਾ ਅਭਾਵ ਹੁੰਦਾ ਹੈ, ਸੇਵਾ 'ਹੁਕਮ ਦੀ ਕਾਰ' ਬਣਦੀ ਜਾਂਦੀ ਹੈ ਅਤੇ ਜੀਵਨ ਵਿਚ 'ਸਚਿਆਰਤਾ' ਵਿਗਸਣ ਲਗਦੀ ਹੈ ।

'ਹੁਕਮ ਦੀ ਕਾਰ' ਦੀ ਸਭ ਤੋਂ ਉਤਮ ਮਿਸਾਲ ਗੁਰੂ ਅਮਰਦਾਸ ਜੀ ਦੀ ਸੇਵਾ ਦੀ ਹੈ । ਉਹ ਸੱਠ ਸਾਲ ਦੀ ਪ੍ਰੌਢ ਅਵਸਥਾ ਵਿਚ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ । ਉਨ੍ਹਾਂ ਲੋਕ-ਲਾਜ ਦੀ ਪ੍ਰਵਾਹ ਨ ਕਰਦਿਆਂ, ਬਗ਼ੈਰ ਹੀਲ ਹੁੱਜਤ ਦੇ ਗੁਰੂ ਅੰਗਦ ਜੀ ਦੇ ਹਰ ਹੁਕਮ ਦੀ ਪਾਲਣਾ ਕੀਤੀ ਅਤੇ ਆਪਾ ਵਾਰ ਕੇ ਲਗਾਤਾਰ ੧੨ ਸਾਲ ਸੇਵਾ ਦਾ ਤਪ ਸਾਧਿਆ । "ਜੈਸਾ ਸੇਵੈ ਤੈਸੋ ਹੋਵੈ†" ਦੇ ਮਹਾਨ ਸਿਧਾਂਤ ਅਨੁਸਾਰ ਉਨ੍ਹਾਂ ਦੀ ਸ਼ਖ਼ਸੀਅਤ ਦੀ ਹਰ ਪਖੋਂ ਉਸਾਰੀ ਹੁੰਦੀ ਗਈ, ਉਨ੍ਹਾਂ ਦੀ ਸੁਰਤਿ, ਮਤਿ, ਮਨਿ ਅਤੇ ਬੁੱਧੀ ਸਾਰੇ ਹੀ ਸ਼ਬਦ ਦੀ ਟਕਸਾਲ ਵਿਚ ਨਵੇਂ ਸਿਰਿਓਂ ਘੜੇ ਗਏ । ਦੈਵੀ ਗੁਣ ਉਨ੍ਹਾਂ ਦੇ ਅਨੁਭਵ ਵਿਚ ਪ੍ਰਗਟ ਹੋਣ ਲਗੇ । ਗੁਰੂ ਅਮਰਦਾਸ ਜੀ ਨੇ ਇਸ ਆਤਮਿਕ ਕ੍ਰਾਂਤੀ ਨੂੰ ਰੱਬੀ ਮਿਹਰ ਦਾ ਫਲ ਦਰਸਾਇਆ ਹੈ :

ਨਦਰੀ ਸਤਿਗੁਰੁ ਸੇਵੀਐ ਨਦਰੀ ਸੇਵਾ ਹੋਇ ॥
ਨਦਰੀ ਇਹੁ ਮਨੁ ਵਸਿ ਆਵੈ
ਨਦਰੀ ਮਨੁ ਨਿਰਮਲੁ ਹੋਇ ॥੧॥(੪॥੨)
[ਵਡਹੰਸ ਮ: ੩, ਪੰਨਾ ੫੫੮

ਤੀਜੇ ਪਾਤਸ਼ਾਹ ਆਪਣੇ ਨਿਜੀ ਤਜਰਬੇ ਦੀ ਸਾਖੀ ਭਰਦੇ ਹੋਏ ਪਿਆਰ ਨਾਲ ਸੰਬੋਧਨ ਕਰਦੇ ਹਨ ਕਿ "ਹੇ ਭਾਈ ! ਅਸੀਂ ਸ਼ਬਦ ਦੀ ਚੋਟ ਨਾਲ ਮਰੇ, ਜਿਸ ਨੇ ਸਾਡੀ ਹੰਗਤਾ ਨੂੰ ਖ਼ਤਮ ਕਰ ਕੇ ਨਵਾਂ ਆਤਮਿਕ ਜੀਵਨ ਬਖ਼ਸ਼ਿਆ, ਸ਼ਬਦ ਦੀ ਬਰਕਤਿ ਨਾਲ ਹੀ ਅਸੀਂ ਵਾਹਿਗੁਰੂ ਨਾਲ ਇਕਮਿਕ ਹੋ ਗਏ, ਸ਼ਬਦ ਹੀ ਸਾਡਾ 'ਗੁਰੂ' ਹੈ, ਜੋ ਸਾਰੀਆਂ ਦਾਤਾਂ ਦਾ ਮੂਲ ਸੋਮਾ ਹੈ :

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ
ਸਬਦੇ ਹੀ ਮੁਕਤਿ ਪਾਈ ॥ ਸਬਦੇ ਮਨੁ ਤਨੁ
ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ
ਸਿਉ ਰਹਿਆ ਸਮਾਈ ॥੨॥(੪।੪)
ਸੋਰਠਿ ਮ: ੩, ਪੰਨਾ ੬੦੧

ਇਹ ਗੁਰੂ ਅਮਰਦਾਸ ਜੀ ਦੀ ਸਵੈ-ਜੀਵਨੀ ਹੈ । ਉਨ੍ਹਾਂ ਦਾ ਗੁਰਤਾ-ਪਦ ਦੀ ਪ੍ਰਾਪਤੀ ਦਾ ਰਹੱਸ ਸ਼ਬਦ ਦੇ ਪੱਧਰ ਤਕ ਜੀਵਨ ਨੂੰ ਢਾਲਣ ਵਿਚ ਸਮੋਇਆ ਹੋਇਆ ਹੈ । ਉਨ੍ਹਾਂ ਲਗਾਤਾਰ ੧੨ ਸਾਲ ਸ਼ਬਦ ਦੀ ਕਮਾਈ ਕੀਤੀ ਤੇ ਕਿਰਪਾ ਦੀ ਘਾਲ ਘਾਲੀ । ਜਦੋਂ "ਸ਼ਬਦ-ਜੋਤਿ" ਦਾ ਦਿਬ-ਉਜਾਲਾ ਉਨ੍ਹਾਂ ਦੇ ਹਿਰਦੇ-ਘਰ ਵਿਚ ਹੋ ਗਿਆ ਤਾਂ ਉਹ ਗੁਰੂ ਨਾਨਕ ਹੋ ਨਿਬੜੇ । ਬਸ ਫਿਰ ਉਨ੍ਹਾਂ ਦਾ ਜੀਵਨ ਸ਼ਬਦ ਦੇ ਐਨ ਮੁਤਾਬਿਕ ਹੋ ਗਿਆ :

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ
ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ
ਸਚੁ ਸੁਣਾਇ ॥੩॥(੨੨॥੫੫)
ਸਿਰੀ ਰਾਗ ਮ: ੩, ਪੰਨਾ ੩੫

†ਗਉੜੀ ਮ: ੫, ਪੰਨਾ ੨੨੪



www.AKJ.Org

੨੯ ਮਾਰਚ ੧੫੫੨ ਈ: ਵਾਲੇ ਦਿਨ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਸ਼ਬਦ ਦੀ ਥਾਪਣਾ ਦੇ ਕੇ ਗੁਰਗੱਦੀ ਦੀ ਜ਼ਿੰਮੇਵਾਰੀ ਸਉਂਪ ਦਿੱਤੀ। ਜਿਉਂ ਹੀ ਬਾਬਾ ਬੁੱਢਾ ਜੀ ਨੇ ਸਿਰ ਝੁਕਾ ਕੇ ਆਪਣੇ ਹਥੀਂ ਟਿੱਕਾ ਲਗਾਇਆ ਅਤੇ ਗੁਰੂ ਅੰਗਦ ਦੇਵ ਜੀ ਨੇ ਮੱਥਾ ਟੇਕਿਆ ਉਸੇ ਵੇਲੇ ਸਾਰੀ ਸੰਗਤਿ ਦੇ ਵਿਚ ਅਸਚਰਜਤਾ† ਦੀ ਲਹਿਰ ਦੌੜ ਗਈ।

( ੩ )

ਭੱਟ ਬਲ੍ਹ ਨੇ ਤੀਜੇ ਪਾਤਸ਼ਾਹ ਦੇ ਪਾਵਨ ਸਰੂਪ ਵਿਚੋਂ ਪ੍ਰਮਾਤਮਾ ਦੇ ਜਲਵੇ ਨੂੰ ਅਨੁਭਵ ਕਰ ਕੇ ਮਹਿਮਾ ਗਾਈ ਹੈ ਕਿ ਗੁਰੂ ਅਮਰਦਾਸ ਜੀ ਨੇ ਕਰਤਾਰ ਨੂੰ ਵਸ ਵਿਚ ਕੀਤਾ ਹੋਇਆ ਹੈ। ਉਹ ਹਰ ਸਮੇਂ ਵਿਸਮਾਦੀ ਅਵਸਥਾ ਵਿਚ ਲਿਵਲੀਨ ਰਹਿੰਦੇ ਹਨ। ਉਨ੍ਹਾਂ ਦੇ ਅੰਤਰ-ਆਤਮੇ "ਵਾਹੁ! ਵਾਹੁ!" ਦੀ ਅਲੌਕਿਕ ਧੁਨੀ ਸਦਾ ਹੀ ਗੂੰਜਦੀ ਰਹਿੰਦੀ ਹੈ, ਜੋ ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਪ੍ਰਗਟ ਹੁੰਦੀ ਹੈ :

> ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ
> ਵਾਹੁ ਵਾਹੁ ਕਰਿ ਧਿਆਇਯਉ ॥੨॥
> (ਪੰਨਾ ੧੪੦੫)

ਜਿਉਂ ਜਿਉਂ ਅਕਾਲ ਪੁਰਖ ਦੀ ਬੇਅੰਤਤਾ ਤੇ ਮਹਾਨਤਾ ਦਾ ਅਨੁਭਵ ਹੋਣ ਲਗਦਾ ਹੈ ਤਾਂ ਉਸ ਚਿੰਤਨ ਵਜੋਂ ਅਸਚਰਜਤਾ ਦੇ ਮਨੋਭਾਵ ਪ੍ਰਗਟ ਹੋਣ ਲਗਦੇ ਹਨ, ਜਿਨ੍ਹਾਂ ਨੂੰ ਉਚੇਰੀ ਕਿਸਮ ਦੇ ਉਦਾਤ-ਭਾਵ (Feelings of the Sublime) ਕਿਹਾ ਜਾ ਸਕਦਾ ਹੈ। ਇਹ ਵਿਸਮਾਦਕ ਭਾਵ ਉਹ ਹੀ ਪ੍ਰਤੀਤ ਕਰ ਸਕਦਾ ਹੈ ਜੋ ਹਉਮੈ ਦੀ ਤੰਗ ਵਲਗਣ ਵਿਚੋਂ ਨਿਕਲ ਚੁਕਾ ਹੋਵੇ ਅਤੇ ਉਸ ਦੇ ਹਿਰਦੇ ਵਿਚੋਂ ਬਾਲਕ ਵਰਗੀ ਮਸੂਮੀਅਤ, ਨਿੰਮ੍ਰਤਾ ਤੇ ਪ੍ਰੇਮ ਡੁਲ੍ਹ ਡੁਲ੍ਹ ਪੈਂਦੇ ਹੋਣ। ਵਿਸਮਾਦ ਦੇ ਪੈਦਾ ਹੋਣ ਨਾਲ ਨਿਰੰਕਾਰ ਅਧਭੁਤ ਸੁੰਦਰਤਾ ਦਾ ਮੁਜੱਸਮਾ ਪ੍ਰਤੀਤ ਹੁੰਦਾ ਹੈ, ਜਿਸ ਦਾ ਜਲਵਾ ਕੁਦਰਤ ਦੇ ਜ਼ੱਰੇ ਜ਼ੱਰੇ ਵਿਚੋਂ ਪ੍ਰਤੱਖ ਦਿਸਣ ਲਗ ਪੈਂਦਾ ਹੈ। ਇਹ ਸ੍ਰਿਸ਼ਟੀ ਕਿਤਨੀ ਮਹਾਨ ਹੈ! ਇਸ ਨੂੰ ਰਚਣ, ਚਲਾਉਣ ਤੇ ਪਾਲਣ ਵਾਲਾ ਆਪ ਕਿਤਨਾ ਕੁ ਮਹਾਨ ਹੋਵੇਗਾ!! ਜਿਉਂ ਹੀ ਕੁਦਰਤ ਵਿਚਲੀ ਸੁੰਦਰਤਾ ਵਲ ਧਿਆਨ ਜਾਂਦਾ ਹੈ ਤਾਂ ਸੁਹਜਾਤਮਕ ਭਾਵ ਜਾਗ ਪੈਂਦੇ ਹਨ ਅਤੇ ਇਸ ਤਰ੍ਹਾਂ ਕਾਦਰ ਤੋਂ "ਵਾਰਨੇ ਬਲਿਹਾਰਨੇ ਜਾਣ ਦੇ ਮਨੋ ਭਾਵ ਵਿਗਸਣ ਲਗਦੇ ਹਨ, ਜੋ ਹਿਰਦੇ ਨੂੰ ਵਿਸਮਾਦ ਨਾਲ ਭਰਪੂਰ ਕਰ ਦਿੰਦੇ ਹਨ। ਇਸ ਦਸ਼ਾ ਵਿਚ ਸਹਿਜ-ਸੁਭਾ ਹੀ "ਵਾਹੁ! ਵਾਹੁ!" ਦੇ ਸ਼ਬਦ ਮੂੰਹੋਂ ਨਿਕਲਦੇ ਰਹਿੰਦੇ ਹਨ। ਗੁਰੂ ਅਮਰਦਾਸ ਜੀ ਵਿਸਮਾਦੀ ਭਾਵਾਂ ਨਾਲ ਰੰਗੇ ਹੋਏ ਹਰ ਸਮੇਂ 'ਵਾਹੁ! ਵਾਹੁ!' ਦੀ ਧੁਨੀ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦਾ ਇਹ ਸੁਭਾਅ ਆਪਣੀ ਮਹਾਨ ਰਚਨਾ 'ਗੂਜਰੀ ਕੀ ਵਾਰ ਮਹਲਾ ੩' ਵਿਚੋਂ ਬੜਾ ਨਿਖਰ ਕੇ ਸਾਡੇ ਸਾਹਮਣੇ ਉਭਰਦਾ ਹੈ। ਉਨ੍ਹਾਂ ਨੇ ਅਨੇਕ ਵਾਰ 'ਵਾਹੁ ਵਾਹੁ' ਆਖ ਕੇ ਆਪਣੇ ਅਨੁਭਵ ਵਿਚ ਆਏ ਅਕਾਲ ਪੁਰਖ ਦੇ ਵਿਸਮਾਦ ਸਰੂਪ ਨੂੰ ਉਜਾਗਰ ਕੀਤਾ ਹੈ :—

> ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥ ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ ॥ ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥ ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ॥ ਨਾਨਕ ਵਾਹੁ ਵਾਹੁ ਇਕੋ ਕਰਿ ਸਲਾਹੀਐ ਜਿ ਸਤਿਗੁਰ ਦੀਆ ਦਿਖਾਇ ॥੧॥ (੧੯)
>
> [ਸਲੋਕ ਮ: ੩, ਪੰਨਾ ੫੧੪-੧੫

ਤੀਜੇ ਪਾਤਸ਼ਾਹ ਦੇ ਇਸ ਸਲੋਕ ਦੀ ਅੰਤਲੀ ਤੁਕ ਬੜੀ ਹੀ ਭਾਵ ਪੂਰਤ ਹੈ, ਜਿਸ ਵਿਚ ਉਨ੍ਹਾਂ

---

† ਨਾਨਕ ਹੰਦਾ ਛਤ੍ਰ ਸਿਰਿ ਉਮਤਿ ਹੈਰਾਣੁ ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ॥੬॥
[ਸਤੇ ਬਲਵੰਡ ਦੀ ਵਾਰ, ਪੰਨਾ ੯੬੮


www.AKJ.Org

ਨੇ 'ਗੁਰਮੰਤਰ' ਵਲ ਡੂੰਘਾ ਇਸ਼ਾਰਾ ਕੀਤਾ ਹੈ, ਭਾਵੇਂ ਉਸ ਨੂੰ ਪ੍ਰਗਟ ਨਹੀਂ ਕੀਤਾ। ਸਿਖੀ ਦਾ ਗੁਰਮੰਤਰ 'ਵਾਹਿਗੁਰੂ' ਸ਼ਬਦ ਹੈ, ਜੋ ਹਿਰਦੇ ਵਿਚੋਂ ਸ਼ੁਕਰਾਨੇ ਵਜੋਂ ਨਿਕਲੀ ਹੋਈ ਯਾਦ-ਕੱਥਣੀ ਦਾ ਲਖਾਇਕ ਹੈ। ਡਾਕਟਰ ਤਾਰਨ ਸਿੰਘ* ਜੀ ਨੇ ਗੁਰਮੰਤਰ ਦੀ ਵਿਆਖਿਆ ਕਰਦਿਆ ਲਿਖਿਆ ਹੈ ਕਿ 'ਵਾਹਿਗੁਰੂ' ਗੁਰਤਾ, ਨੂਰ, ਗਿਆਨ,ਵਿਸਮਾਦ ਨੂੰ ਪ੍ਰਗਟ ਕਰਦਾ ਹੈ। ਇਹ ਮੰਤਰ ਸਿਖ ਅਤੇ ਗੁਰੂ ਵਿਚ ਸਿੱਧਾ ਸੰਬੰਧ ਜੋੜਦਾ ਹੈ। 'ਅਕਾਲ ਪੁਰਖ' ਦਾ ਕੋਈ ਹੋਰ ਨਾਮ ਨਹੀਂ ਹੈ, ਜਿਸ ਵਿਚ ਮਨੁੱਖ ਤੇ ਪ੍ਰਭੂ ਦਾ ਇਹ ਸੰਬੰਧ ਪ੍ਰਗਟ ਹੁੰਦਾ ਹੋਵੇ। ਕਰੀਮ, ਰਹੀਮ, ਕਿਰਪਾਲ, ਦਇਆਲ ਨਾਮ ਅਕਾਲ ਪੁਰਖ ਦੇ ਨਾਲ ਕਈ ਸੰਬੰਧ ਪ੍ਰਗਟ ਕਰਦੇ ਹਨ, ਪਰ ਕੋਈ ਵੀ ਹੋਰ ਸੰਬੰਧ ਇਤਨਾ ਮਹਾਨ ਨਹੀਂ ਹੈ ਜਿਤਨਾ ਮਨੁਖ ਨੂੰ ਰੌਸ਼ਨੀ, ਗਿਆਨ ਦੇਣ ਦਾ। ਪ੍ਰਭੂ ਦਾ ਮਨੁਖ ਦਾ ਗੁਰੂ ਹੋਣਾ ਮਨੁਖ ਲਈ ਸਭ ਤੋਂ ਉਤਮ ਰਿਸ਼ਤਾ ਹੈ ਤੇ ਇਸੇ ਵਿਚੋਂ ਹੀ ਵਡੀ ਆਸਾ ਵੀ ਝਲਕਦੀ ਹੈ।... ... ਜਿਉਂ ਜਿਉਂ ਮਨੁਖ ਖ਼ਾਲਸਾ ਬਣਦਾ ਜਾਂਦਾ ਹੈ, ਵਿਚ-ਵਿਚੋਲੇ ਗੁਰੂ ਨਿਕਲਦੇ ਜਾਂਦੇ ਹਨ। ਅੰਤ ਤੇ 'ਆਪੇ ਗੁਰ ਚੇਲਾ' ਵਾਹਿਗੁਰੂ ਹੋ ਜਾਂਦਾ ਹੈ। 'ਵਾਹਿਗੁਰੂ' ਗਿਆਨ, ਭਗਤੀ ਤੇ ਕਰਮ ਵਾ ਸੂਚਕ ਹੈ।' ਗੁਰਮੁਖਤਾ ਦੇ ਮਾਰਗ ਤੇ ਚਲਣ ਵਾਲੇ 'ਗੁਰਮੰਤਰ' ਦਾ ਨਿਰੰਤਰ ਅਭਿਆਸ ਕਰਦੇ ਹੋਏ ਆਪਣੇ ਜੀਵਨ ਲਕਸ਼ ਦੀ ਸਿਧੀ ਨੂੰ ਪ੍ਰਾਪਤ ਕਰ ਲੈਂਦੇ ਹਨ। ਗੁਰੂ ਅਮਰਦਾਸ ਜੀ ਨੇ ਗੂਜਰੀ ਕੀ ਵਾਰ ਵਿਚ ਇਸ ਦਿਸ਼ਾ ਵਲ ਖੂਬ ਚਾਨਣ ਪਾਇਆ ਹੈ :

(ੳ) ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥ ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥ ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥ ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥੨॥(੧੬)

[ਸਲੋਕ ਮ: ੩, ਪੰਨਾ ੫੧੫

(ਅ) ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥ ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥ ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥ ਵਾਹੁ ਵਾਹੁ ਕਰਤਿਆ ਸੋਭਾ ਪਾਇ ॥ ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥(੧੫)

[ਸਲੋਕੁ ਮ: ੩, ਪੰਨਾ ੫੧੪

(ੲ) ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥ ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥ ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥ ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥(੧੮) [ਪੰਨਾ ੫੧੫-੧੬

(ਸ) ਵਾਹੁ ਵਾਹੁ ਕਰਤੀ ਰਸਨਾ ਸ਼ਬਦਿ ਸਹਾਈ ॥ ੨॥੧੪॥ [ਪੰਨਾ ੫੧੪

(ਹ) ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥੨॥੧੫॥ [ਪੰਨਾ ੫੧੪

ਵਾਹੁ-ਸੁਰਤਿ ਵਾਲੇ ਦੀ ਦ੍ਰਿਸ਼ਟੀ ਅਧਭੁਤ ਰੰਗਣ ਵਿਚ ਰੰਗੀ ਹੋਈ ਹੋਣ ਕਰਕੇ, ਸਭ ਪਾਸੇ ਵਿਸਮਾਦ ਹੀ ਵੇਖਦੀ ਹੈ, ਜਿਸ ਨਾਲ ਸਾਰਾ ਵਿਸ਼ਵ ਇਕ ਨਵੀਂ ਸਾਰਥਿਕਤਾ ਗ੍ਰਹਿਣ ਕਰ ਲੈਂਦਾ ਹੈ। ਪ੍ਰੋਫ਼ੈਸਰ ਰਾਮ ਸਿੰਘ* ਦੇ ਕਥਨ ਅਨੁਸਰ : 'ਇਸ ਅਵਸਥਾ ਵਿਚ

---

* ਡਾਕਟਰ ਤਾਰਨ ਸਿੰਘ, ਵਾਹਿਗੁਰੂ ਗੁਰਮੰਤਰ, ਨਾਨਕ ਪ੍ਰਕਾਸ਼ ਪਤ੍ਰਿਕਾ, ਜਿਲਦ ਦੂਜੀ ੧੯੭੧, ਪੰਨਾ ੯੦, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਛੇ ਮਾਸਕ ਪੱਤਰ।

* ਪ੍ਰੋ: ਰਾਮ ਸਿੰਘ, ਗੁਰਮਤਿ ਰਹੱਸਵਾਦ, ਸਿੰਘ ਸਭਾ ਪਤ੍ਰਕਾ, ਜੂਨ ੧੯੭੬, ਪੰਨਾ ੧੧,



www.AKJ.Org

ਰਹੱਸਵਾਦੀ ਦੇ ਨੇਤਰਾਂ ਵਿਚੋਂ ਇਕ ਅੰਮ੍ਰਿਤ ਦੀ ਫੁਹਾਰ ਵਰਸਦੀ ਹੈ, ਜੋ ਹਰ ਵਸਤੂ ਤੇ ਡਿਗਦੀ ਉਸ ਨੂੰ ਸੁੰਦਰ ਬਣਾਈ ਜਾਂਦੀ ਹੈ । ਉਸ ਨੂੰ ਕੁਝ ਕੋਝਾ ਨਹੀਂ ਦਿਸਦਾ, ਸਭ ਕੁਝ ਕਿਸੇ ਨਵੇਂ ਰੰਗ ਵਿਚ ਰੰਗਿਆ ਜਾਂਦਾ ਹੈ। ਉਹ ਕਿਸੇ ਦੇ ਔਗੁਣ ਨਹੀਂ ਦੇਖਦਾ, ਸਭ ਦੇ ਗੁਣਾਂ ਨਾਲ ਸਾਂਝ ਪਾਉਂਦਾ ਹੈ। ਨਿਰਾਸ਼ਾਵਾਦ, ਵਿਸ਼ਾਦ ਭਾਵਨਾ, ਸਣਕੀ-ਪੁਣਾ ਉਸ ਨੂੰ ਛੂਹ ਨਹੀਂ ਸਕਦੇ, ਉਹ ਸਦਾ ਸ੍ਵੈ-ਵਿਸ਼ਵਾਸ, ਉਤਸ਼ਾਹ ਅਤੇ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਉਹ ਕਿਸੇ ਨਾਲ ਇਕ ਫਿੱਕਾ ਸ਼ਬਦ ਨਹੀਂ ਬੋਲ ਸਕਦਾ, ਕਿਉਂਕਿ ਸਭ ਵਿਚ ਉਸਦਾ ਪ੍ਰੀਤਮ ਵਿਆਪਕ ਹੈ।" ਵਿਸਮਾਦੀ ਅਨੁਭਵ ਪੂਰਨ ਤੌਰ ਤੇ ਰੂਹਾਨੀ ਖੇੜੇ ਦੀ ਅਵਸਥਾ ਹੈ, ਜਿਥੇ "ਮੈਂ ਮੇਂ" ਦੀ ਥਾਂ "ਵਾਹੁ ! ਵਾਹੁ !" ਸ਼ਬਦ ਲੈ ਲੈਂਦੇ ਹਨ । ਗੁਰੂ ਅਮਰਦਾਸ ਜੀ ਦਾ ਜੀਵਨ ਵਿਸਮਾਦ ਤੇ ਸਦਾ 'ਵਿਗਾਸ' ਵਾਲਾ ਜੀਵਨ ਹੈ।

( ੪ )

ਭਟ ਸਲ੍ਹ ਨੇ ਗੁਰੂ ਅਮਰਦਾਸ ਜੀ ਦੇ ਨੈਤਿਕ-ਯੁੱਧ ਨੂੰ ਫਤਹ ਕਰਨ ਦੀ ਮਹਿਮਾ ਗਾਉਂਦਿਆਂ ਲਿਖਿਆ ਹੈ, "ਹੇ ਭੱਲਿਆਂ ਦੀ ਕੁਲ ਦੇ ਸ਼੍ਰੋਮਣੀ ! ਬਾਬਾ ਤੇਜਭਾਨ ਦੇ ਸਪੁੱਤਰ ! ਤੁਸੀਂ ਗੁਰੂ ਨਾਨਕ ਦੀ ਕਿਰਪਾ ਸਦਕਾ ਰਾਜਿਆਂ ਦੇ ਰਾਜਾ ਹੋਏ ਹੋ, ਸ੍ਰਿਸ਼ਟੀ ਦੇ ਮਾਲਕ ਬਣੇ ਹੋ। ਤੁਸੀਂ ਕਾਮਾਦਿਕ ਦੇ ਦਲ ਨੂੰ ਜਿਤਣ ਲਈ ਸਮਾਧੀ ਦੀ ਸੰਜੋਅ ਪਹਿਨੀ, ਗਿਆਨ ਦੇ ਘੋੜੇ ਤੇ ਚੜ੍ਹ ਕੇ, ਧਰਮ ਦੀ ਕਮਾਨ ਹੱਥ ਵਿਚ ਲੈ ਕੇ, ਸੀਲ ਰੂਪੀ ਤੀਰਾਂ ਦੇ ਨਾਲ ਲੜਾਈ ਕੀਤੀ । ਤੁਸੀਂ ਵਾਹਿਗੁਰੂ ਦੇ ਭੈ ਵਿਚ ਵਿਚਰਦਿਆਂ ਅਡੋਲਤਾ ਪ੍ਰਾਪਤ ਕਰ ਕੇ ਸ਼ਬਦ ਦਾ ਐਸਾ ਨੇਜਾ ਗੱਡਿਆ ਹੈ ਕਿ ਕੋਈ ਵੀ ਵਿਕਾਰ ਤੁਹਾਨੂੰ ਪੋਹ ਨਹੀਂ ਸਕਦਾ।"

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ
ਆਸਣਿ ਚੜਿਅਉ ॥ ਧ੍ਰੰਮ ਧਨਖੁ ਕਰਿ
ਗਹਿਓ ਭਗਤ ਸੀਲਹ ਸਰਿ ਲੜਿਉ ॥
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰਿ
ਨੇਜਾ ਗਡਿਓ ॥ ਕਾਮ ਕ੍ਰੋਧ ਲੋਭ ਮੋਹ ਅਪਤੁ
ਪੰਚ ਦੂਤ ਬਿਖੰਡਿਓ ॥ ਭਲਉ ਭੂਹਾਲੁ
ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ।
ਗੁਰ ਅਮਰਦਾਸ ਸਚੁ ਸਲ੍ਯ ਭਣਿ ਤੈ ਦਲੁ
ਜਿਤਉ ਇਵ ਜੁਧੁ ਕਰਿ ॥੧॥੨੧॥

[ਸਵਈਏ ਮਹਲੇ ਤੀਜੇ ਕੇ, ਪੰਨਾ ੩੯੬

ਭੱਟ ਸਲ੍ਹ ਦੇ ਵਰਤੇ ਹੋਏ 'ਪ੍ਰਤੀਕ' ਬੜੇ ਕੀਮਤੀ ਹਨ। ਸੰਘਰਸ਼ ਕਰਨ ਵੇਲੇ ਯੋਧੇ ਆਪਣੇ ਬਚਾਅ ਲਈ ਲੋਹੇ ਦੀ ਸੰਜੋਅ ਪਹਿਨ ਲੈਂਦੇ ਹਨ, ਜਿਸ ਨੂੰ ਕੋਈ ਵੀ ਸ਼ਸਤਰ ਪਾਰ ਨ ਕਰ ਸਕੇ। ਜੇਕਰ ਸੰਜੋਅ ਕਮਜ਼ੋਰ ਹੋਵੇ ਜਾਂ ਖੰਡਿਤ ਹੋਵੇ ਤਾਂ ਕਿਸੇ ਵੇਲੇ ਵੀ ਮਾਰੂ ਹਮਲਾ ਹੋ ਸਕਦਾ ਹੈ, ਜਿਸ ਤੋਂ ਫਿਰ ਬਚਣਾ ਸੰਭਵ ਨਹੀਂ ਹੁੰਦਾ। ਸੰਜੋਅ ਦਾ 'ਪ੍ਰਤੀਕ' ਸਮਾਧੀ ਲਈ ਵਰਤਣਾ ਇਸ ਗੱਲ ਵਲ ਇਸ਼ਾਰਾ ਹੈ ਕਿ ਗੁਰੂ ਅਮਰਦਾਸ ਜੀ ਦੀ ਹਰ ਛਿਨ ਪ੍ਰਭੂ ਦੀ ਯਾਦ ਵਿਚ ਗੁਜ਼ਰਦੀ ਸੀ, ਕੀ ਮਜਾਲ ਹੈ ਕਿ ਦੁਨੀਆ ਦੀ ਕੋਈ ਵੀ ਕਲ-ਕਲੂਖਤ ਉਨ੍ਹਾਂ ਦੇ ਨੇੜੇ ਫੜਕ ਸਕੇ। ਜਦੋਂ ਕੋਈ ਸਾਧਕ ਨਾਮ ਜਪਦਾ ਹੋਇਆ ਆਤਮਕ ਵਿਕਾਸ ਦੇ ਸਿਖਰ ਨੂੰ ਛੋਹਦਾ ਹੈ ਤਾਂ ਉਸ ਨੂੰ ਅਕਾਲ ਪੁਰਖ ਦੀ 'ਹੋਂਦ' ਦਾ ਪਰਤੱਖ ਅਨੁਭਵ ਹੁੰਦਾ ਹੈ, ਜਿਸ ਨੂੰ 'ਸਮਾਧੀ' ਕਿਹਾ ਜਾਂਦਾ ਹੈ । ਇਸ ਅਵਸਥਾ ਵਿਚ ਹਰ ਪ੍ਰਕਾਰ ਦੇ ਸ਼ੰਕਿਆਂ ਤੇ ਸਮੱਸਿਆਵਾਂ ਦਾ ਸਮਾਧਾਨ ਹੋ ਜਾਂਦਾ ਹੈ। 'ਸਮਾਧੀ' ਸੁਰਤਿ ਦੀ ਅਖੰਡਤਾ ਹੈ, ਜਿਥੇ ਅਨਦਿਨ ਦਾ ਜਾਗਣਾ ਹੈ, ਅੱਠੇ ਪਹਿਰ ਸਾਵਧਾਨਤਾ ਨਾਲ ਵਿਚਰਨਾ ਹੈ, ਤਾਕਿ ਜ਼ਿੰਦਗੀ ਦਾ ਹਰ ਛਿਨ ਚੇਤੰਨ ਤੌਰ ਤੇ ਬੀਤੇ, ਕਿਉਂਕਿ ਹਰ ਪਲ ਹੀ ਯੁਧ ਹੋ ਰਿਹਾ ਹੈ, ਹਰ ਘਟਨਾ ਇਕ ਨਵੀਂ ਵੰਗਾਰ ਹੈ, ਆਚਰਨ ਦੀ ਪ੍ਰੀਖਿਆ ਹੈ । ਸਾਵਧਾਨਤਾ ਨਾਲ ਆਚਰਨ ਵਿਚ ਇਕ ਦ੍ਰਿੜ੍ਹਤਾ ਪੈਦਾ ਹੁੰਦੀ ਹੈ। 'ਸਮਾਧੀ' ਮੁਕੰਮਲ ਆਤਮ-ਸਮਰਪਣ ਦੀ ਦਸ਼ਾ ਹੈ, ਜਿਸ ਅੰਤਰਗਤ ਮਨੁੱਖੀ ਚੇਤਨਾ ਵਿਚ ਨਿਰੰਕਾਰੀ ਸ਼ਕਤੀ ਤੇ ਗੁਣਾਂ ਦੀ ਧਾਰਾ ਲਗਾਤਾਰ ਵਹਿਣ ਲਗ ਪੈਂਦੀ ਹੈ ਅਤੇ ਉਸ ਵਿਚ ਕੋਈ ਵੀ ਵਿਕਾਰ ਵਿਘਨ ਨਹੀਂ


www.AKJ.Org

ਪਾ ਸਕਦਾ। 'ਸਮਾਧੀ' ਹੀ 'ਸਚੀ ਲਿਵ'* ਹੈ, ਜਿਸ ਤੋਂ ਸੱਖਣੇ ਜੀਵਨ ਦਾ ਧਰਮ ਦੇ ਜਗਤ ਵਿਚ ਕੋਡੀ ਵੀ ਮੁੱਲ ਨਹੀਂ ਪੈਂਦਾ। ਮਨੁੱਖੀ ਜੀਵਨ ਦਾ ਪਰਮ ਮਨੋਰਥ ਆਪਣੇ ਅੰਤਿਮ "ਅਸਲੇ' ਨਾਲ ਇਕਸੁਰਤਾ ਪ੍ਰਾਪਤ ਕਰਨਾ ਹੈ, ਜਿਸ ਤੋਂ ਵਿਛੜ ਕੇ 'ਲਿਵ' ਟੁਟ ਗਈ ਅਤੇ ਮਾਇਆ ਦੇ ਵਿਕਾਰੀ ਪ੍ਰਭਾਵ ਨਾਲ ਉਸ ਦੀ ਹੋਂਦ ਅਧਿਆਤਮਕ ਨੈਤਿਕ ਪੱਤਨ (Ethico-spiritual degeneration) ਵਲ ਵਧੀ। ਗੁਰੂ ਅਮਰਦਾਸ ਜੀ ਦਾ ਆਪਣਾ ਫੁਰਮਾਨ ਹੈ ਕਿ ਲਿਵ ਦਾ ਟੁੱਟਣਾ ਹੀ ਆਤਮਕ ਮੌਤ ਹੈ :

ਲਿਵ ਛੁੜਕੀ ਲਗੀ ਤ੍ਰਿਸਨਾ
ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ
ਮੋਹ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵਲਾਗੀ
ਤਿਨੀ ਵਿਚੇ ਮਾਇਆ ਪਾਇਆ ॥੨੯।
[ਰਾਮਕਲੀ ਮ: ੩, ਅਨੰਦੁ, ਪੰਨਾ ੯੨੧

'ਲਿਵ ਤੇ ਧਾਤੁ'‡ ਦੇ ਦੋ ਰਸਤੇ ਹਨ : ਇਕ ਪ੍ਰਮਾਤਮਾ ਦਾ ਤੇ ਇਕ ਪਦਾਰਥ ਦਾ। ਗੁਰੂ ਦੀ ਕਿਰਪਾ ਦਾ ਸਦਕਾ ਜਿਹੜੇ 'ਲਿਵ' ਦੇ ਮਾਰਗ ਤੇ ਚਲ ਪੈਂਦੇ ਹਨ, ਉਹ ਮਾਇਆ ਦੇ ਵਿਚ ਵਿਚਰਦੇ ਹੋਏ ਵੀ ਕਮਲ ਤੇ ਮੁਰਗਾਬੀ ਦੀ ਤਰ੍ਹਾਂ ਨਿਰ-ਲੇਪ ਰਹਿ ਕੇ ਵਾਹਿਗੁਰੂ ਨੂੰ ਪਾ ਲੈਂਦੇ ਹਨ। ਉਨ੍ਹਾਂ ਦੇ ਹਥ ਕਾਰ ਵੱਲ ਹੁੰਦੇ ਹਨ ਤੇ ਚਿਤ ਨਿਰੰਕਾਰ ਵੱਲ। ਐਸੇ ਗੁਰਮੁਖਾਂ ਦਾ ਉਠਣਾ ਬੈਠਣਾ, ਬੋਲਣਾ ਚਾਲਣਾ, ਸਵਣਾ ਜਾਗਣਾ, ਗੱਲ ਕੀ, ਜੀਵਨ ਦਾ ਹਰ ਕਰਤਵ 'ਸਹਜ-ਸਮਾਧਿ' ਦੇ ਰੰਗ ਵਿਚ ਰੰਗਿਆ ਹੁੰਦਾ ਹੈ :

ਸਹਜੇ ਜਾਗੈ ਸਹਜੈ ਸੋਵੈ ॥
ਗੁਰਮੁਖਿ ਅਨਦਿਨੁ ਉਸਤਤਿ ਹੋਵੈ॥੨॥੯॥
[ਮ: ੩, ਪੰਨਾ ੬੪੬

ਲਿਵ ਦੀ ਪ੍ਰਪੱਕਤਾ ਦੇ ਨਾਲ ਸਾਧਕ ਦੀ ਨਾ ਬੁਧੀ ਰੁਕਦੀ ਹੈ, ਨਾ ਭਾਵ, ਨਾ ਕਰਮ, ਬਲਕਿ ਸਭ ਪਹਿਲੇ ਨਾਲੋਂ ਤੇਜਮਈ ਹੋ ਜਾਂਦੇ ਹਨ। ਚੇਤਨਾ ਦਾ ਵਧਦਾ ਪ੍ਰਕਾਸ਼ ਇਨ੍ਹਾਂ ਨੂੰ ਹੋਰ ਵਧੇਰੇ ਤੀਖਣ ਕਰਦਾ ਹੈ। ਬੁੱਧੀ ਦੇ ਵਿਚ ਬਿਬੇਕ ਪਸਰਨ ਦੇ ਨਾਲ ਸੂਖਮਤਾ ਆ ਜਾਂਦੀ ਹੈ ਅਤੇ ਹਿਰਦੇ ਵਿਚ ਕੋਮਲਤਾ ਇਥੋਂ ਤਕ ਵਧ ਜਾਂਦੀ ਹੈ ਕਿ ਭਾਵਕ ਤੌਰ ਤੇ ਹਰ ਇਕ ਨਾਲ ਸਾਂਝੀਵਾਲਤਾ ਦੀ ਪ੍ਰਤੀਤੀ ਹੋਣ ਲਗ ਪੈਂਦੀ ਹੈ। 'ਸਮਾਧੀ' ਦੀ ਅਵਸਥਾ ਵਿਚ ਹੀ ਦੈਵੀ-ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ, ਜਿਸ ਦੀ ਪ੍ਰਚੰਡਤਾ ਨੂੰ ਦਰਸਾਉਣ ਲਈ ਭੱਟ ਸੱਲ੍ਹ ਨੇ 'ਘੋੜੇ' ਦਾ ਪ੍ਰਤੀਕ ਵਰਤਿਆ ਹੈ, 'ਗਿਆਨਿ ਹੈ (ਹਯ) ਆਸਣਿ ਚੜਿਅਉ'। 'ਘੋੜਾ' ਸ਼ਕਤੀ ਦਾ ਚਿੰਨ੍ਹ ਹੈ, ਹੁਣ ਵੀ ਘੋੜੇ ਦਾ ਬਲ ਇਕ ਮਿਆਰ ਮੰਨਿਆ ਜਾਂਦਾ ਹੈ। ਹਰ ਇੰਜਣ ਦੀ ਸ਼ਕਤੀ ਨੂੰ ਘੋੜੇ ਦੇ ਗੁਣਿਆਂ (Horse power) ਵਿਚ ਹੀ ਦਸਿਆ ਜਾਂਦਾ ਹੈ। ਗੁਰੂ ਅਮਰਦਾਸ ਜੀ ਨਿਰੀ ਪੰਡਿਤਾਈ ਨੂੰ ਕਬੂਲ ਨਹੀਂ ਕਰਦੇ, ਸਗੋਂ ਉਹ ਉਸ ਗਿਆਨ ਦਾ ਆਦਰ ਕਰਦੇ ਹਨ ਜ ਜੀਵਨ ਦੇ ਅਨੁਭਵ ਵਿਚੋਂ ਚਸ਼ਮੇ ਦੀ ਤਰ੍ਹਾਂ ਫੁਟੇ, ਜਿਸ ਦੀ ਸ਼ਕਤੀ ਦੇ ਨਾਲ ਸਾਰੇ ਬੰਧਨ ਟੁਟ ਜਾਣ, ਮਨੁਖ ਦੀ ਮਾਨਸਿਕ, ਬੌਧਿਕ ਅਤੇ ਆਤਮਿਕ ਗੁਲਾਮੀ ਖਤਮ ਹੋ ਜਾਏ। ਅਨੁਭਵੀ ਗਿਆਨ ਇਕ ਤੂਫਾਨ ਦੀ ਤਰ੍ਹਾਂ ਆਉਂਦਾ ਹੈ, ਜੋ ਸਭ ਮਸਲੇਬਾਜ਼ੀ ਤੇ ਭਰਮ-ਭੁਲੇਖਿਆਂ ਨੂੰ ਉੱਡਾ ਕੇ ਲੈ ਜਾਂਦਾ ਹੈ। ਇਸ ਦੇ ਐਨ ਉਲਟ ਪੰਡਿਤ ਦਾ ਸੰਚਿਤ-ਗਿਆਨ ਹੁੰਦਾ ਹੈ, ਜੋ ਆਪਣੀ ਵਿਦਿਆ ਦੇ ਹੰਕਾਰ ਵਿਚ ਉਸ ਦਾ ਢੰਡੋਰਾ ਪਿੱਟਦਾ ਹੈ। ਆਪਣੇ ਚੋਂਚ-ਗਿਆਨ ਦੇ ਨਾਲ ਜਦੋਂ ਉਹ ਵਾਦ-ਵਿਵਾਦ ਕਰਦਾ ਹੈ ਤਾਂ ਝਗੜੇ ਖੜੇ ਹੁੰਦੇ ਹਨ। ਪੰਡਿਤ ਜਦ ਉਪਦੇਸ਼ ਕਰਦਾ ਹੈ ਤਾਂ ਗਿਰਜਾਂ ਦੀ ਤਰ੍ਹਾਂ ਅਸਮਾਨ ਵਿਚ ਖਿਆਲਾਂ ਦੀਆਂ ਉਡਾਰੀਆਂ ਮਾਰਦਾ ਹੋਇਆ ਬਹੁਤ ਉੱਚਾ ਚਲਾ ਜਾਂਦਾ ਹੈ, ਪਰ ਜਿਉਂ ਹੀ ਉਸ ਦੀ ਨਿਗਾਹ ਮੁਰਦਾਰ ਤੇ ਪੈਂਦੀ ਹੈ ਤਾਂ ਉਹ ਆਪਣੇ

* ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥੬॥
[ਅਨੰਦੁ ਸਾਹਿਬ ਰਾਮਕਲੀ ਮ: ੩, ਪੰਨਾ ੯੧੭

‡ ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥
੨॥(੧੨) ਸਿਰੀ ਰਾਗੁ ਮ: ੩, ਪੰਨਾ ੮੭



www.AKJ.Org

ਆਚਰਨ ਦੀਆਂ ਸਿਖਰਾਂ ਤੋਂ ਡਿਗ ਪੈਂਦਾ ਹੈ। ਮਾਇਆ ਦੀ ਖਾਤਰ ਉਹ ਆਪਣੀ ਜ਼ਮੀਰ ਵੀ ਵੇਚ ਦਿੰਦਾ ਹੈ, ਉਸ ਵਿਚ ਸੱਚ ਕਹਿਣ ਦੀ ਜੁਰਅਤ ਤਕ ਨਹੀਂ ਰਹਿੰਦੀ। ਇਸ ਤਰ੍ਹਾਂ ਬਲ-ਹੀਣ ਹੋਇਆ ਪੰਡਿਤ ਆਪਣੇ ਮਨ ਦੀਆਂ ਕਮਜ਼ੋਰੀਆਂ ਦੇ ਕਾਰਨ ਸਮਾਜ ਨੂੰ ਅਗਵਾਈ ਦੇਣ ਦੀ ਥਾਂ ਅਗਿਆਨਤਾ ਤੇ ਵਹਿਮਾਂ ਦੀ ਡੂੰਘੀ ਖਾਈ ਵਿਚ ਧਕੇਲ ਦਿੰਦਾ ਹੈ। ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਪੰਡਿਤ ਦੀ ਦਸ਼ਾ ਦਾ ਉਘਾੜ ਕੇ ਚਿਤਰ ਉਲੀਕਿਆ ਹੈ :—

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥ ਦੂਜੈ ਭਾਇ ਜਗਤੁ ਪਰਬੋਧਦਾ ਨ ਬੂਝੈ ਬੀਚਾਰੁ ॥ ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥੧॥(੧੦)

[ਸਲੋਕ ਮ: ੩, ਵਾਰ ਸਿਰੀ ਰਾਗ, ਪੰ: ੮੬

ਦੈਵੀ ਗਿਆਨ ਦੇ ਉਦੇ ਹੋਣ ਨਾਲ ਹਉਮੈ ਦਾ ਗ਼ੁਬਾਰ ਮਿਟ ਜਾਂਦਾ ਹੈ ਅਤੇ ਮਨ ਦੇ ਅੰਤਰੀਵ-ਜਗਤ ਵਿਚ ਲੁਪਤ ਪਈਆਂ ਉਸਾਰੂ-ਸ਼ਕਤੀਆਂ ਜਾਗ ਪੈਂਦੀਆਂ ਹਨ। ਇਸ ਦੇ ਨਾਲ ਆਚਰਣ ਦੇ ਵਿਚ ਅਥਾਹ ਸ਼ਕਤੀ ਆ ਜਾਂਦੀ ਹੈ, ਜਿਸ ਦੇ ਪਾਸਾਰ ਨਾਲ "ਸੱਚ ਤੇ ਧਰਮ" ਦੀ ਖ਼ਾਤਰ ਹਰ ਕੁਰਬਾਨੀ ਕਰਨ ਦਾ ਚਾਅ ਤੇ ਉਮਾਹ ਉਛਾਲੇ ਮਾਰਨ ਲਗ ਪੈਂਦਾ ਹੈ। ਐਸੇ ਗਿਆਨ ਨੂੰ ਪ੍ਰਾਪਤ ਕਰਨ ਵਾਲਾ ਹੀ ਕੌਮ ਦੀ ਸਹੀ ਅਗਵਾਈ ਕਰਨ ਦੀ ਸਮਰੱਥਾ ਰਖਦਾ ਹੈ। ਪ੍ਰਿੰਸੀਪਲ ਸਤਿਬੀਰ ਸਿੰਘ* ਜੀ ਨੇ ਸੁਹਣਾ ਲਿਖਿਆ ਹੈ ਕਿ, "ਗੁਰੂ ਅਮਰਦਾਸ ਜੀ ਸਭ ਗਿਆਨਾਂ ਦੇ ਮਾਲਕ ਹਨ। ਜੇ ਆਪਣੇ ਹੱਥਾਂ ਨਾਲ ਕਿਸੇ ਨੂੰ ਅਸੀਸ ਦਿੰਦੇ ਹਨ ਤਾਂ ਉਸ ਦੇ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ। ਜਿਸ ਵੱਲ ਦੇਖ ਲੈਣ ਉਸ ਵਿਚ ਭਗਤੀ ਦੀ ਲਹਿਰ ਉਠਾ ਦੇਂਦੇ ਹਨ। ਜਦ ਬਚਨ ਬੋਲਦੇ ਹਨ, ਸੁਣਦੇ ਹੀ ਨਿਸ਼ਾ ਹੋ ਜਾਂਦੀ ਹੈ।"

* ਸਤਿਬੀਰ ਸਿੰਘ, ਪਰਬਤ ਮੇਰਾਣ (੧੯੭੮) ਪੰ: ੪੭

ਜਿਉਂ ਜਿਉਂ ਗਿਆਨ ਪਸਰਦਾ ਹੈ, ਅੰਦਰਲੀ ਸੂਝ ਬੂਝ ਬਲਵਾਨ ਹੋ ਜਾਂਦੀ ਹੈ, ਜਿਸ ਆਸਰੇ ਮਨੁੱਖ ਦਾ ਜੀਵਨ 'ਧਰਮ' ਦੇ ਮਾਰਗ ਤੇ ਚਲ ਪੈਂਦਾ ਹੈ। ਭੱਟ ਸੱਲ੍ਹ ਨੇ ਧਰਮ ਦੇ ਲਈ ਇਕ 'ਕਮਾਨ' ਦਾ ਪ੍ਰਤੀਕ ਵਰਤਿਆ ਹੈ, ਜੋ ਬੜੀ ਗਹਿਰੀ ਰਮਜ਼ ਵਲ ਸੰਕੇਤ ਕਰਦਾ ਹੈ ਅਤੇ ਜਿਸ ਦੇ ਖੋਲ੍ਹਣ ਨਾਲ ਧਰਮ ਦਾ ਸਹੀ ਰੂਪ ਪ੍ਰਗਟ ਹੋ ਜਾਂਦਾ ਹੈ। ਕਮਾਨ ਢਿਲੀ ਹੋਵੇ ਤਾਂ ਤੀਰ ਚਲ ਹੀ ਨਹੀਂ ਸਕੇਗਾ, ਜੇਕਰ ਜ਼ਿਆਦਾ ਕਸੀ ਹੋਵੇ ਤਾਂ ਟੁੱਟ ਜਾਏਗੀ। ਕਮਾਨ ਵਿਚ ਇਕ ਖਾਸ ਸੰਤੁਲਨ (Balance) ਹੋਣਾ ਚਾਹੀਦਾ ਹੈ, ਜਿਸ ਨਾਲ ਉਸ ਦੀ ਠੀਕ ਵਰਤੋਂ ਹੋ ਸਕੇ। "ਧ੍ਰੰਮ ਧਨਖੁ ਕਰ ਗਹਿਓ" ਦਾ ਇਹੀ ਭਾਵ ਹੈ ਕਿ ਧਰਮ ਦੇ ਵਿਚ ਕੋਈ ਵੀ ਅਤਿ ਨਹੀਂ ਹੋਣੀ ਚਾਹੀਦੀ, ਨ ਹੀ ਕੱਟੜ-ਪੁਣਾ ਅਤੇ ਨ ਹੀ ਢਿੱਲਪੁਣਾ। ਧਰਮ ਮਧ-ਮਾਰਗ ਵਾਲਾ ਹੋਵੇ, ਜਿਸ ਤੇ ਚਲ ਕੇ ਜੀਵਨ ਦੇ ਵਿਚ 'ਸਹਜ' ਉਗਮੇ ਤੇ ਵਿਗਸੇ 'ਸਹਜ'‡ ਦਾ ਉਪਜਣਾ ਨਿਰੋਲ ਕਿਰਪਾ ਦਾ ਫਲ ਹੈ। ਮਨੁੱਖ ਦੀ ਆਪਣੀ ਸਮਰਥਾ ਹੀ ਨਹੀਂ ਕਿ ਉਹ ਨਿੰਦਾ ਤੇ ਉਸਤਤਿ ਤੋਂ ਬੇਲਾਗ ਇਕ ਸਮਾਨ ਰਹਿ ਸਕੇ, ਦੁਖ ਤੇ ਸੁਖ ਇਕੋ ਤਰ੍ਹਾਂ ਜਰ ਸਕੇ। ਅਤੇ ਹਰਖ ਸੋਗ ਦੋਹਾਂ ਤੋਂ ਨਿਆਰਾ ਰਹਿ ਕੇ ਆਪਣੇ ਜੀਵਨ ਦੇ ਵਿਗਾਸ ਨੂੰ ਇਕ ਰਸ ਰਖ ਸਕੇ। 'ਅਨੰਦੁ ਸਾਹਿਬ' ਦੀ ਬਾਣੀ ਵਿਚ ਗੁਰੂ ਅਮਰਦਾਸ ਜੀ ਨੇ ਖੂਬ ਦਰਸਾਇਆ ਹੈ ਕਿ ਜਿਸ ਤੇ ਅਕਾਲ ਪੁਰਖ ਦੀ ਰਹਿਮਤ ਹੋ ਜਾਏ ਉਸ ਦੇ ਹਿਰਦੇ ਅੰਦਰ ਇਹ ਵਿਸ਼ਵਾਸ ਪ੍ਰਪੱਕ ਹੋ ਜਾਂਦਾ ਹੈ ਕਿ ਵਾਹਿਗੁਰੂ ਉਸ ਦੇ ਅੰਗ ਸੰਗ ਹੋ

‡ ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਇ ॥
ਮੰਨੁ ਧੋਵਹੁ ਸਬਦਿ ਲਾਗਹੁ
ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ
ਇਹੁ ਸਹਸਾ ਇਵ ਜਾਇ ॥੧੮॥
[ਰ ਮਕਲੀ ਮ: ੩ ਅਨੰਦੁ, ਪੰਨਾ ੯੧੯



www.AKJ.Org

ਕੇ ਹਰ ਪਲ ਉਸ ਦੀ ਸੁਧ ਤੇ ਸਾਰ ਲੈ ਰਿਹਾ ਹੈ।† ਐਸਾ ਗੁਰਮੁਖ ਹੀ ਜੀਵਨ ਦੀ ਹਰ ਅਵਸਥਾ ਵਿਚ ਅਡੋਲ ਰਹਿ ਕੇ ਆਪਣੇ ਸਤੁਲਨ ਨੂੰ ਕਾਇਮ ਰਖ ਸਕਦਾ ਹੈ, ਕਿਉਂਕਿ ਉਹ ਕਾਮ ਜਾਂ ਕ੍ਰੋਧ ਦਾ ਪਾਸਕੂ ਨਹੀਂ ਪੈਣ ਦਿੰਦਾ। ਖੁਸ਼ੀ ਵਿਚ ਉਹ ਆਫਰ ਨਹੀਂ ਜਾਂਦਾ ਅਤੇ ਗ਼ਮੀ ਵਿਚ ਮਾਯੂਸ ਨਹੀਂ ਹੁੰਦਾ। ਗੁਰੂ ਅਮਰਦਾਸ ਜੀ ਦੀ ਅਨੰਦਮਈ ਸ਼ਖ਼ਸੀਅਤ ਦੇ ਵਿਚੋਂ 'ਸਹਜ' ਡੁਲ੍ਹ ਡੁਲ੍ਹ ਪੈਂਦਾ ਸੀ ਅਤੇ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਉਹਨਾ ਸਹਜ ਦਾ ਚੰਦੋਆ ਤਾਣਿਆ ਹੋਵੇ। ਗੁਰਿਆਈ ਦੇ ਪਹਿਲੇ ਸਾਲਾਂ ਸਮੇਂ ਉਨ੍ਹਾਂ ਤੇ ਕਿਤਨੇ ਹੀ ਝਖੜ ਝੁਲੇ, ਦੋਖੀਆਂ ਨੇ ਕਿਤਨੇ ਤੂਫਾਨ ਉਠਾਏ, ਕਦੇ ਦਾਤੂ ਨੇ ਲੱਤ ਮਾਰੀ, ਕਦੇ ਨਿੰਦਕਾਂ ਅਤਿ ਚੁਕੀ, ਕਦੇ ਮੁਸਲਮਾਨ ਖੋਜਿਆਂ ਨੇ ਸਿਖਾਂ ਵਿਰੁਧ ਖੋਰੂ ਪਾਇਆ, ਕਦੇ ਸਨਾਤਨੀ ਬ੍ਰਾਹਮਣਾਂ ਨੇ ਮਹਜਰ-ਨਾਮਾ ਤਿਆਰ ਕੀਤਾ, ਕਦੇ ਗੋਂਦੇ ਮਰਵਾਹੇ ਦੇ ਪੁਤਰ ਨੇ ਚੁੱਕ ਵਿਚ ਆ ਕੇ ਲਾਹੌਰ ਦੇ ਗਵਰਨਰ ਖਿਜ਼ਰ ਖਵਾਜਾ ਖਾਨ ਦੇ ਕੋਲ ਗੁਰੂ ਜੀ ਵਿਰੁਧ ਸ਼ਕਾਇਤਾਂ ਕੀਤੀਆਂ, ਕਦੇ ਉਹੀ ਮਰਵਾਹਾਂ ਅਕਬਰ ਦੇ ਸ਼ਾਹੀ ਦਰਬਾਰ ਵਿਚ ਜਾ ਕੇ ਫਰਯਾਦੀ ਹੋਇਆ, ਇਸ ਤਰ੍ਹਾਂ ਵਿਰੋਧੀਆਂ ਨੇ ਪੂਰਾ ਤਾਣ ਲਾ ਕੇ ਹਰ ਹਮਲਾ ਕੀਤਾ, ਪਰੰਤੂ ਗੁਰੂ ਸਾਹਿਬ 'ਪਰਬਤੁ ਮੇਰਾਣੁ' ਵਾਂਗ ਅਡੋਲ ਰਹੇ :

> ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥੬॥
> [ਸਤੇ ਬਲਵੰਡ ਦੀ ਵਾਰ, ਪੰ: ੯੬੮

ਸੰਸਾਰ ਭਰ ਦੇ ਮਨੁਖ ਮਾਤਰ ਦੇ ਕਲਿਆਣ ਲਈ ਤੀਜੇ ਪਾਤਸ਼ਾਹ ਹਰ ਵਕਤ ਸਰਬੱਤ ਦਾ ਭਲਾ ਲੋਚਦੇ ਅਤੇ ਪਰਉਪਕਾਰ ਦੀ ਖਾਤਰ ਉਮਾਹ ਨਾਲ ਭਰੇ ਰਹਿੰਦੇ ਸਨ। ਉਨ੍ਹਾਂ ਦੀ ਪ੍ਰਮਾਤਮਾ ਅਗੇ ਸਰਬ-ਸਾਂਝੀ ਪੁਕਾਰ ਆਪਣੇ ਹਿਰਦੇ ਦੀ ਵਿਸ਼ਾਲਤਾ ਅਤੇ ਹੋਰਨਾਂ ਧਰਮਾਂ ਵਲ ਸਦ-ਭਾਵਨਾ ਦੀ ਮੂੰਹ-ਬੋਲਦੀ ਤਸਵੀਰ ਹੈ :—

> ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥(੧੦)
> [ਸਲੋਕ ਮ: ੩, ਵਾਰ ਬਿਲਾਵਲ, ਪੰਨਾ ੮੫੩

ਗੁਰੂ ਅਮਰਦਾਸ ਜੀ ਨੇ ਜਿਥੇ ਇਸ ਸਲੋਕ ਦੀਆਂ ਪਹਿਲੀਆ ਤੁਕਾਂ ਵਿਚ ਧਰਮ ਦੇ ਦੂਜੇ ਮਾਰਗਾਂ ਵਲ ਰਵਾਦਾਰੀ ਪ੍ਰਗਟ ਕੀਤੀ ਹੈ, ਉਥੇ ਤੀਜੀ ਤੁਕ ਵਿਚ ਆਪਣੇ ਮਾਰਗ ਅਤੇ ਵਿਸ਼ਵਾਸਾਂ ਪ੍ਰਤੀ ਦ੍ਰਿੜ੍ਹਤਾ ਤੇ ਵਿਲੱਖਣਤਾ ਨੂੰ ਉਜਾਗਰ ਕੀਤਾ ਹੈ।

"ਸਭ ਲੋਕ ਉਧਰਣ ਅਰਥਾ" ਦੀ ਖਾਤਰ ਤੀਜੇ ਪਾਤਸ਼ਾਹ ਨੇ ੧੪ ਜਨਵਰੀ ੧੫੫੩ ਈ: ਨੂੰ 'ਪੁਰਬ ਅਭੀਚੁ' ਦੇ ਸਮੇਂ ਹਿੰਦੂ ਤੀਰਥਾਂ ਦੀ ਯਾਤਰਾ ਕਰਨ ਦਾ ਉਦਮ ਕੀਤਾ। ਆਪਣੇ ਜ਼ਮਾਨੇ ਦੇ ਸੰਸਾਰ ਦੇ ਸਭ ਤੋਂ ਵੱਧ ਅਗਾਂਹ-ਵਧੂ ਤੇ ਖੁਲ੍ਹ-ਵਿਚਰੀਏ (Liberal Minded) ਮਹਾਂ ਪੁਰਸ਼ ਸਨ। ਗੋਇੰਦਵਾਲ ਉਨ੍ਹਾਂ ਦੇ ਲੰਗਰ ਵਿਚ ਅਕਬਰ ਵਰਗੇ ਸਮਰਾਟ ਅਤੇ ਗਰੀਬ ਤੋਂ ਗਰੀਬ ਭਿਖਾਰੀ ਨੂੰ ਇਕੋ ਪੰਗਤ ਵਿਚ ਬੈਠਿਆਂ ਦੇਖਿਆ ਜਾ ਸਕਦਾ ਹੈ।

ਤੀਜੇ ਪਾਤਸ਼ਾਹ ਦੇ ਹੱਥਾਂ ਵਿਚ ਫੜੀ ਹੋਈ ਧਰਮ ਦੀ ਕਮਾਨ ਵਿਚੋਂ ਨਿਕਲੇ ਹੋਏ ਤੀਰ ਕਿਸੇ ਦੁਰਾਡੇ ਨਿਸ਼ਾਨੇ ਵਲ ਨੀਝ ਲੁਆਉਂਦੇ ਹਨ। 'ਤੀਰ' ਨੂੰ ਸਹੀ ਦਿਸ਼ਾ (Right direction) ਅਤੇ ਨਿਸਚਿਤ ਟੀਚੇ (Target) ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਗੁਰੂ ਅਮਰਦਾਸ ਜੀ ਦਾ ਨਿਸ਼ਾਨਾ ਇਸ ਸੰਸਾਰ ਨੂੰ ਖੁਸ਼ਹਾਲੀ ਦੇ ਉਸ ਪੱਧਰ ਤਕ ਪਹੁੰਚਾਣਾ ਹੈ ਜਿਥੇ ਹਰ ਇਕ ਦੇ ਅੰਦਰ ਭਗਤਾਂ ਵਾਲੀ ਸ਼ਾਂਤੀ (ਭਗਤਿ ਸੀਲਹ) ਹੋਵੇ ਤਾਂਕਿ ਵਿਸ਼ਵ-ਭਾਈਚਾਰੇ ਦੀ ਸਿਰਜਣਾ ਹੋ ਸਕੇ ਅਤੇ ਇਹ ਦੁਨੀਆ 'ਗੋਬਿੰਦਪੁਰੀ' ਦਾ ਰੂਪ ਧਾਰਨ ਕਰ ਜਾਏ। ਇਸ ਸੁਨਹਿਰੀ ਸੁਪਨੇ

---

† ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
[ਅਨੰਦੁ ਸਾਹਿਬ, ਪੰਨਾ ੯੧੭


www.AKJ.Org

ਨੂੰ ਉਨ੍ਹਾਂ ਨੇ ਗੋਇੰਦਵਾਲ ਵਿਚ ਸਾਖਿਆਤ ਕਰ ਕੇ ਵਿਖਾਇਆ, ਤਾਂ ਹੀ ਭੱਟ ਜਲ੍ਹਨ ਨੇ "ਗੋਬਿੰਦਵਾਲੁ ਗੋਬਿੰਦਪੁਰੀ ਸਮ" ਆਖ ਕੇ ਕੀਰਤੀ ਗਾਈ ਹੈ। ਜੀਵਨ ਦੇ ਲਕਸ਼ ਦੀ ਸਿੱਧੀ ਨਹੀਂ ਹੋ ਸਕਦੀ, ਜੇਕਰ ਬਿਨਾਂ ਕਿਸੇ ਸੇਧ ਤੋਂ ਅੰਨ੍ਹੇ ਦੀ ਤਰ੍ਹਾਂ ਹਨੇਰੇ ਵਿਚ ਤੀਰ ਚਲਾਏ ਜਾ ਰਹੇ ਹੋਣ। ਮਨ ਦਾ ਸੁਭਾਅ ਹੈ ਇਕੋ ਸਮੇਂ ਦਸ-ਦਿਸ਼ਾਵਾਂ ਵਿਚ ਭਟਕਣਾ। ਜਦੋਂ ਆਦਰਸ਼ ਦਾ ਠੀਕ ਬੋਧ ਹੋਵੇ ਤਾਂ ਉਸ ਦੇ ਲਈ ਠੀਕ ਦਿਸ਼ਾ ਦੀ ਚੋਣ ਕਰ ਕੇ ਉਸ ਵਲ ਧਾਈ ਕਰ ਕੇ ਚਲਣ ਨਾਲ ਮਨ ਦੀ ਦੌੜ ਮੁੱਕ ਜਾਂਦੀ ਹੈ ਤੇ ਇਸ ਵਿਚ ਟਿਕਾਅ ਆ ਜਾਂਦਾ ਹੈ। ਟਿਕੇ ਹੋਏ ਮਨ ਵਿਚ ਸ਼ਾਂਤੀ ਦਾ ਪ੍ਰਵਾਹ ਹੁੰਦਾ ਹੈ ਜਿਸ ਨੂੰ ਭੱਟ ਸਲ੍ਹ ਨੇ 'ਭਗਤਿ ਸੀਲਹ' ਦਾ ਨਾਂ ਦਿਤਾ ਹੈ। ਟਿਕਿਆ ਹੋਇਆ ਮਨ ਸ਼ਕਤੀਵਾਨ ਹੁੰਦਾ ਹੈ। ਡਾਕਟਰ ਬਲਬੀਰ ਸਿੰਘ* ਦੇ ਕਥਨ ਅਨੁਸਾਰ, "ਆਦਰਸ਼ ਜਿਸ ਵੇਲੇ ਚਮਤਕਾਰ ਮਾਰਦਾ ਹੈ ਤਾਂ ਕਾਇਰਾਂ ਵਿਚ ਬਹਾਦਰਾਂ ਦੀ ਅਣਖ ਆ ਜਾਂਦੀ ਹੈ। ਆਦਰਸ਼ ਜਿਸ ਵੇਲੇ ਲਿਸ਼ਕਦਾ ਹੈ ਤਾਂ ਹਿਰਦੇ ਬੀਰ ਰਸ ਦੇ ਉਤਸ਼ਾਹ ਨਾਲ ਭਰ ਜਾਂਦੇ ਹਨ।
ਸਿੱਥਲ ਹੋ ਗਏ ਸਿਖਾਂ ਦੇ ਸਾਹਮਣੇ ਜਿਸ ਵੇਲੇ ਸਿਖੀ ਦੇ ਉਚੇ ਮੰਤਵ ਦਾ ਆਦਰਸ਼ ਪੇਸ਼ ਕਰ ਦਿਤਾ ਜਾਵੇ ਤਾਂ ਬੇਸੁਰਤ ਪਈ ਕੌਮ ਨੂੰ ਹੋਸ਼ ਆ ਜਾਂਦੀ ਹੈ। ਮੁੜ ਕੇ ਖੂਨ ਸੁਰਜੀਤ ਹੋ ਜਾਂਦਾ ਹੈ। ਰਗਾਂ ਵਿਚ ਉਤਸ਼ਾਹ ਦਾ ਸਰੋਵਰ ਉਛਾਲੇ ਲੈਣ ਲਗ ਜਾਂਦਾ ਹੈ। ਕੁਰਬਾਨੀ ਦਾ ਦਰਯਾ ਠਾਠਾਂ ਮਾਰਨ ਲਗ ਜਾਂਦਾ ਹੈ।" ਉਚੇਰੇ ਆਦਰਸ਼ ਬਿਜਲਈ-ਸ਼ਕਤੀ ਦੇ ਸੋਮੇ ਹੁੰਦੇ ਹਨ। ਆਪਣੇ ਆਦਰਸ਼ ਤੋਂ ਥਿੜਕ ਕੇ ਜੇ ਕੋਈ ਅਟਕ ਜਾਂਦਾ ਸੀ, ਤਾਂ ਗੁਰੂ ਅਮਰਦਾਸ ਜੀ ਉਸ ਨੂੰ ਸਹੀ ਅਗਵਾਈ ਦੇ ਕੇ ਅਗੇ ਤੋਰ ਦਿੰਦੇ ਸਨ। ਗੋਇੰਦਵਾਲ ਦੇ ਇਕ ਮੁਸਲਮਾਨ ਸ਼ੇਖ† ਨੂੰ ਜੋ ਈਰਖਾ ਦੀ ਅੱਗ ਵਿਚ ਸੜ ਕੇ ਝੱਲਾ ਹੋਇਆ ਫਿਰਦਾ ਸੀ ਅਤੇ ਆਤਮਕ ਦਿਸ਼ਾ ਤੋਂ ਭਟਕ ਗਿਆ ਸੀ, ਗੁਰੂ ਸਾਹਿਬ ਨੇ ਬਲਵਾਨ ਸੇਧ ਦਿੰਦਿਆਂ ਫੁਰਮਾਇਆ ਕਿ ਆਪਣੇ ਹਠ ਨੂੰ ਛਡ ਕੇ ਭਉ ਤੇ ਸ਼ਾਂਤੀ ਵਾਲਾ ਸੁਭਾਅ ਬਣਾਣ ਨਾਲ ਹੀ ਮਾਲਕ ਹਰੀ ਦੇ ਪਾਸੇ ਦੀ ਲਗਨ ਲਗ ਸਕਦੀ ਹੈ :—

ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥ ਗੁਰ ਕੇ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥ ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥ ਸਾਂਤੀ ਵਿਚ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥ ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥੧॥(੯)

[ਸਲੋਕ ਮ: ੩, ਵਾਰ ਬਿਹਾਗੜਾ, ਪੰ: ੫੫੧

ਮਨ ਦੀ ਸ਼ਾਂਤੀ ਖੁਸਣ ਦਾ ਸਭ ਤੋਂ ਵਡਾ ਕਾਰਨ ਹੀ ਇਹ ਹੁੰਦਾ ਹੈ ਕਿ ਅੰਦਰ ਪੰਜ ਮਨੋਵਿਕਾਰਾਂ ਦਾ ਦੁੰਦਰ ਮੱਚਿਆ ਹੋਇਆ ਹੈ। ਗੁਰੂ-ਆਗੂ ਇਨ੍ਹਾਂ ਪੰਜਾਂ ਦੀ ਅਸਲੀਅਤ ਨੂੰ ਪ੍ਰਗਟ ਕਰ ਕੇ ਦਰਸਾ ਦਿੰਦਾ ਹੈ ਕਿ ਉਨ੍ਹਾਂ ਮੋਰੀਆਂ ਨੂੰ ਬੰਦ ਕਰਨਾ ਪਏਗਾ, ਜਿਥੋਂ ਮਿਰਗ ਚੋਰੀ ਪੈ ਜਾਂਦੇ ਹਨ ਤੇ ਆਤਮਿਕ ਅੰਗੂਰੀ ਪੁਟ ਕੇ ਲੈ ਜਾਂਦੇ ਹਨ। ਅਨੰਦ ਸਾਹਿਬ ਦੇ ਵਿਚ ਗੁਰੂ ਅਮਰਦਾਸ ਜੀ ਨੇ ਮਨੁੱਖ ਦੇ ਸਰੀਰ, ਮਨ, ਰਸਨਾ, ਨੇਤਰ, ਕੰਨਾਂ, ਸਭ ਨੂੰ ਪਿਆਰ ਨਾਲ ਸੰਬੋਧਨ ਕਰ ਕੇ ਖਾਸ ਸੰਜਮ ਵਿਚ ਰਹਿਣ ਦੀ ਪ੍ਰੇਰਨਾ ਦਿਤੀ ਹੈ। ਇਹੋ ਦੁੰਦਰ ਨੂੰ ਬੰਨ੍ਹਣਾ ਤੇ ਸੁੰਦਰ ਨੂੰ ਪਾਉਣਾ ਹੈ। ਇਸ ਦੇ ਨਾਲ ਪੰਜਾਂ ਦਾ ਵਿਕਾਰੀ ਪ੍ਰਭਾਵ ਬਦਲ ਜਾਂਦਾ ਹੈ ਅਤੇ ਉਹ ਉਸਾਰੂ ਬਣ ਕੇ ਸੇਵਾ ਵਿਚ ਲਗ ਜਾਂਦੇ ਹਨ। ਉਨ੍ਹਾਂ ਨੂੰ ਦਮਨ ਕਰਨ ਦੀ ਲੋੜ ਨਹੀਂ ਪਈ, ਸਗੋਂ ਉਦਾਤੀਕਰਣ (Sublimation) ਦੁਆਰਾ ਕਾਮ ਗ੍ਰਿਹਸਥ ਦੇ ਉਚੇਰੇ ਆਦਰਸ਼ਾਂ ਦੀ ਪੂਰਤੀ ਦਾ ਸਾਧਨ ਬਣ ਗਿਆ, ਕ੍ਰੋਧ ਕਰੁਣਾ ਤੇ ਬੀਰਤਾ ਵਿਚ ਬਦਲ ਗਿਆ, ਲੋਭ ਪਰਉਪਕਾਰ ਤੇ ਸੇਵਾ ਵਿਚ ਪਲਟ ਗਿਆ, ਮੋਹ ਪ੍ਰੇਮ ਬਣ ਗਿਆ ਅਤੇ ਹੰਕਾਰ ਸਵੈਮਾਨ ਤੇ

* ਡਾਕਟਰ ਬਲਬੀਰ ਸਿੰਘ, ਕਲਮ ਦੀ ਕਰਾਮਾਤ, (੧੯੪੪) ਪੰਨਾ ੧੭੪

† ਇਸੇ ਸ਼ੇਖ ਨੂੰ ਸੋਰਠਿ ਦੀ ਵਾਰ ਵਿਚ ਵੀ ਪੰਨਾ ੬੪੬ ਤੇ ਉਪਦੇਸ਼ ਦਿਤਾ ਗਿਆ ਹੈ।



www.AKJ.Org

ਅਣਖ ਦਾ ਰੂਪ ਧਾਰਨ ਕਰ ਗਿਆ। ਗੁਰੂ ਅਮਰਦਾਸ ਜੀ ਨੇ ਆਪਣੇ ਗਹਿਰੇ ਵਿਸ਼ਲੇਸ਼ਣ ਦੁਆਰਾ ਸਪੱਸ਼ਟ ਕਰ ਦਿਤਾ ਕਿ "ਇਹ ਹਉਮੈ ਹੀ ਹੈ ਜੋ ਕਾਮਾਦਿਕ ਵਿਕਾਰਾਂ ਦੀ ਜਨਮ-ਦਾਤੀ ਹੈ, ਹਉਮੈ ਕਰਕੇ ਹੀ ਜੀਵਨ ਵਿਚ ਸੰਘਰਸ਼ ਚਲਦਾ ਰਹਿੰਦਾ ਹੈ ਅਤੇ ਜ਼ਿੰਦਗੀ ਧੁੜਕੂ ਵਿਚ ਹੀ ਲੰਘਦੀ ਹੈ" :–

> ਹਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ । ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥ ਜਿਨ ਕਉ ਪੂਰਬਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥ ਨਾਨਕ ਗੁਰਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥ [ਮ: ੩, ਪੰਨਾ ੫੯੨

ਹਉਮੈ ਨੂੰ ਮਾਰਨ ਲਈ ਇਕ ਇਕ ਇੰਚ ਕਰਕੇ ਜੂਝਣਾ ਪੈਂਦਾ ਹੈ, ਕਿਉਂਕਿ ਹਉਮੈ ਬਹੁਤ ਚਪਲ ਹੈ ਅਤੇ ਨਵੇਂ ਨਵੇਂ ਰੂਪ ਧਾਰਨ ਕਰ ਕੇ ਘੇਰਾ ਪਾਉਂਦੀ ਰਹਿੰਦੀ ਹੈ। ਸ਼ਬਦ ਦੀ ਕਮਾਈ ਦੇ ਨਾਲ ਤਕੜਾ ਮੋਰਚਾ ਲਾ ਕੇ ਇਸ ਦੀ ਇਕ ਇਕ ਤਾਰ ਨੂੰ ਅੰਦਰੋਂ ਕਢਿਆ ਜਾਂਦਾ ਹੈ ਅਤੇ ਮੁਕੰਮਲ ਫਤਹ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਹੁੰਦੀ ਹੈ, ਕਿਸੇ ਦੇ ਆਪਣੇ ਯਤਨ ਨਾਲ ਨਹੀਂ। ਗੁਰੂ ਅਮਰਦਾਸ ਜੀ ਨੇ ਸ਼ਬਦ ਦਾ ਐਸਾ ਨੇਜਾ ਗਡ ਦਿਤਾ ਕਿ ਕਾਮਾਦਿਕ ਵੈਰੀ ਨੇੜੇ ਨਹੀਂ ਆਉਂਦੇ। ਰੱਣ-ਤੱਤੇ ਵਿਚ ਜੂਝਦਾ ਹੋਇਆ ਬਹਾਦਰ ਜਦੋਂ ਆਪਣੇ ਵੈਰੀਆਂ ਨੂੰ ਜਿਤ ਲੈਂਦਾ ਹੈ ਤਾਂ ਉਹ ਆਪਣੇ ਨੇਜ਼ੇ ਨੂੰ ਧਰਤੀ ਵਿਚ ਗੱਡ ਦਿੰਦਾ ਹੈ, ਜੋ ਉਸ ਦੀ ਫਤਹ ਦਾ ਚਿੰਨ੍ਹ ਮੰਨਿਆ ਜਾਂਦਾ ਹੈ। "ਸਬਦਿ ਗੁਰ ਨੇਜਾ ਗਡਿਓ" (੧੩੯੬) ਇਸ ਗਲ ਦਾ 'ਪ੍ਰਤੀਕ' ਹੈ ਕਿ ਗੁਰੂ ਅਮਰਦਾਸ ਜੀ ਨੇ ਸ਼ਬਦ ਦਾ ਵਰਤਾਰਾ ਕਰ ਕੇ ਵਿਕਾਰਾਂ ਦੇ ਦਲ ਨੂੰ ਜਿਤ ਲਿਆ। ਇਹ ਉਨ੍ਹਾਂ ਦੀ ਫਤਹ ਦਾ ਜੈਕਾਰਾ ਹੈ ਅਤੇ ਸਾਡੇ ਲਈ ਪ੍ਰੇਰਨਾ ਦਾ ਅਮੁਕ ਸੋਮਾ ਹੈ ਕਿ "ਸ਼ਬਦ ਦੇ ਮਾਰਗ" ਤੇ ਚਲਣ ਵਾਲੇ ਕਦੇ ਵੀ ਇਸ 'ਹਠੀਲੀ ਫ਼ੌਜ' ਤੋਂ ਮਾਰ ਨਹੀਂ ਖਾਣਗੇ।

( ੫ )

ਪ੍ਰਮਾਤਮਾ ਦੇ ਨਾਲ ਪੂਰਨ ਸੰਜੋਗ ਦੀ ਦਸ਼ਾ ਨੂੰ ਰਹੱਸਵਾਦੀ ਅਨੁਭਵ ਕਿਹਾ ਜਾਂਦਾ ਹੈ, ਜਿਸ ਦੇ ਵਾਪਰਨ ਸਮੇਂ 'ਸਰਬ' ਵਿਚ 'ਏਕੇ' ਦਾ ਅਹਿਸਾਸ ਜਗਾਉਣ ਵਾਲੀ ਦਿਬ-ਦ੍ਰਿਸ਼ਟੀ ਦਾ ਉਜਾਲਾ ਹੋ ਜਾਂਦਾ ਹੈ। ਇਸ ਦੇ ਫਲ-ਸਰੂਪ ਰਹੱਸਵਾਦੀ ਦੇ ਜੀਵਨ ਵਿਚ ਭਾਵਕਤਾ ਅਸਾਧਾਰਨ ਦਰਜੇ ਦੀ ਆ ਜਾਂਦੀ ਹੈ, ਜਿਸ ਦੀ ਰੰਗਣ ਵਿਚ ਰੰਗਿਆ ਉਹ ਹਰ ਵੇਲੇ 'ਇਕ' ਨੂੰ ਹਾਜ਼ਰ ਨਾਜ਼ਰ ਜਾਣਦਾ ਹੈ। ਇਸ ਤੀਬਰ ਭਾਵਨਾਤਮਿਕ ਸਥਿਤੀ ਵਿਚੋਂ ਉਪਜਣ ਵਾਲਾ 'ਏਕਤ੍ਵ' ਦਾ ਬੋਧ ਰਹੱਸਵਾਦੀ ਨੂੰ ਅਭੇਦੀ-ਚੇਤਨਾ (Unitive-Consciousness) ਪ੍ਰਦਾਨ ਕਰਦਾ ਹੈ, ਜਿਸ ਦੇ ਅੰਤਰਗਤ ਹਰ ਤਰ੍ਹਾਂ ਦੀ ਦੂਈ, ਦਵੈਤ ਅਤੇ ਦੋਖ ਦੀ ਭਾਵਨਾ ਅਲੋਪ ਹੋ ਜਾਂਦੀ ਹੈ। ਭੱਟ ਜਾਲਪ ਨੇ ਗੁਰੂ ਅਮਰਦਾਸ ਜੀ ਦੀ ਉਸਤਤਿ ਗਾਇਨ ਕਰਦਿਆਂ ਬਹੁਤ ਹੀ ਖੂਬਸੂਰਤੀ ਦੇ ਨਾਲ ਉਨ੍ਹਾਂ ਦੇ ਰਹੱਸਵਾਦੀ ਅਨੁਭਵ ਤੇ ਰੋਸ਼ਨੀ ਪਾਈ ਹੈ ਕਿ ੭੧* ਸਾਲ ਦੀ ਅਵਸਥਾ ਵਿਚ ਗੁਰੂ ਸਾਹਿਬ ਨੇ 'ਇਕ' (ਵਾਹਿਗੁਰੂ) ਨਾਲ ਅਭੇਦਤਾ ਪ੍ਰਾਪਤ ਕੀਤੀ :–

> ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥ ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥ ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥ ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥ ਇਕਹੁ ਜਿ ਲਾਖ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥ ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥੩॥੧੨॥ [ਸਵਈਏ ਮਹਲੇ ੩ ਕੇ, ਪੰਨਾ ੧੩੯੪

---

* ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ = ੩੦+੧+੫+੩੫ = ੭੧ ਸਾਲ ਦੀ ਉਮਰ ਵਿਚ ਅਕਾਲ ਪੁਰਖ ਨੂੰ ਸਿਧ ਕੀਤਾ ਅਤੇ ਕਮਜ਼ੋਰੀ ਮਹਿਸੂਸ ਨ ਕੀਤੀ।



www.AKJ.Org

ਗੁਰੂ ਅਮਰਦਾਸ ਜੀ ਨੇ ਗੁਰੂ ਦਰਬਾਰ ਵਿਚ ਕਿਰਪਾ ਦੀ ਘਾਲ ਘਾਲਦਿਆਂ ਵਾਹਿਗੁਰੂ ਦੀ ਏਕਤਾ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰ ਲਿਆ। ਗੁਰੂ ਨਾਨਕ ਪਾਤਸ਼ਾਹ ਇਹ ਦ੍ਰਿੜ੍ਹ ਕਰਵਾ ਗਏ ਸਨ ਕਿ ਸ੍ਰਿਸ਼ਟੀ ਦਾ ਅੰਤਿਮ-ਸੱਚ 'ਇੱਕ' (੧ਓ) ਹੈ, ਜ ਸਾਰੀ ਦ੍ਰਿਸ਼ਟਮਾਨ 'ਅਨੇਕਤਾ' ਦਾ ਮੂਲ ਸੋਮਾ ਹੈ। 'ਏਕਤਾ' ਹਮੇਸ਼ਾ ਕਾਇਮ ਰਹਿੰਦੀ ਹੈ, ਭਾਵੇਂ ਸਰੂਪ ਅਨੇਕ ਧਾਰਨ ਕਰ ਲਵੇ। ਸਾਰੀ ਅਨੇਕਤਾ 'ਇੱਕ' ਵਿਚੋਂ ਹੀ ਪੈਦਾ ਹੁੰਦੀ ਹੈ ਅਤੇ ਅੰਤ ਉਸ "ਇੱਕ" ਵਿਚ ਹੀ ਸਮਾ ਜਾਂਦੀ ਹੈ। "ਇੱਕ" ਹੀ ਸਦੀਵੀ ਸੱਚ ਹੈ । ਸਾਰੇ ਜੀਵ ਬਰਾਬਰ ਹਨ, ਕਿਉਂਕਿ ਉਹ 'ਇਕ' ਵਿਚੋਂ ਹੀ ਪੈਦਾ ਹੋਏ ਹਨ, ਇਕੋ ਬ੍ਰਹਮ ਵਿਚ ਜਾ ਕੇ ਲੀਨ ਹੋਣਗੇ। ਇਹ ਹਕੀਕਤ ਹੀ ਮਨੁੱਖਤਾ ਨੂੰ ਏਕਤਾ ਦੀ ਲੜੀ ਵਿਚ ਪਰੋਂਦੀ ਹੈ । ਗੁਰੂ ਅਮਰਦਾਸ ਜੀ ਨੂੰ ਜਿਉਂ ਹੀ 'ਇਕ' ਦਾ ਪਰਤੱਖ ਅਨੁਭਵ ਹੋਇਆ ਤਾਂ ਉਨ੍ਹਾਂ ਦੀ ਦ੍ਰਿਸ਼ਟੀ ਜਿਥੇ ਵੀ ਪੈਂਦੀ, 'ਇੱਕ' ਦੇ ਜਲਵੇ ਨੂੰ ਹੀ ਮਾਣਦੀ। ਉਹ ਸਾਰੇ ਸੰਸਾਰ ਨੂੰ 'ਹਰਿ ਕਾ ਰੂਪ' ਹੀ ਵੇਖਦੇ। ਉਨ੍ਹਾਂ ਦੀ ਨਿਗਾਹ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ ਸੀ, ਗਰੀਬ ਜਾਂ ਅਮੀਰ ਨਹੀਂ ਸੀ। ਉਹ ਬਚਨ ਵੀ 'ਇੱਕ' ਦੇ ਹੀ ਕਰਦੇ। ਉਨ੍ਹਾਂ ਫੁਰਮਾਇਆ ਕਿ ਸ਼ਿਵ ਤੇ ਸ਼ਕਤੀ ਅਨਾਦੀ ਨਹੀਂ, "ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ" (੯੨੦), ਉਹ ਦੋਵੇਂ 'ਇਕ' ਦੇ ਹੁਕਮ ਅਧੀਨ ਹਨ । ਗੁਰੂ ਦੀ ਕਿਰਪਾ ਸਦਕਾ ਜਿਹੜੇ ਇਸ ਭੇਤ ਨੂੰ ਬੁਝ ਲੈਂਦੇ ਹਨ ਉਹ ਸਿਵਾਇ ਨਿਰੰਕਾਰ ਤੋਂ ਹੋਰ ਕਿਸੇ ਦੇਵੀ ਦੇਵਤੇ ਜਾਂ ਸ਼ਕਤੀ ਨੂੰ ਆਪਣਾ ਇਸ਼ਟ ਨਹੀਂ ਮੰਨਦੇ।

ਗੁਰੂ ਅਮਰਦਾਸ ਜੀ ਦੀ 'ਸੁਰਤਿ' ਇਕ ਪ੍ਰਮਾਤਮਾ ਵਿਚ ਹੀ ਲਿਵਲੀਨ ਰਹਿੰਦੀ ਸੀ। ਉਹ ਸੁਪਨੇ ਵਿਚ ਵੀ 'ਇੱਕ' ਨਾਲ ਜੁੜੇ ਰਹਿੰਦੇ ਤੇ ਜਾਗਦੇ ਹੋਏ ਵੀ, "ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ" (੧੩੯੪) । ਮਨੋ-ਵਿਗਿਆਨੀਆਂ ਦਾ ਕਥਨ ਹੈ ਕਿ ਸੁਪਨੇ ਵਿਚ ਅਚੇਤਨ-ਮਨ (Unconscious Mind) ਕੰਮ ਕਰਦਾ ਹੈ ਜੋ ਚੇਤਨ-ਮਨ (Conscious Mind) ਨਾਲੋਂ ਨੌਂ ਗੁਣਾ ਜ਼ਿਆਦਾ ਵਡਾ ਹੁੰਦਾ ਹੈ। ਜਦੋਂ ਕੋਈ ਸੁਚੇਤ ਹੋ ਕੇ ਪ੍ਰਮਾਤਮਾ ਦਾ ਸਿਮਰਨ ਕਰਦਾ ਹੈ ਤਾਂ ਉਸ ਦੇ ਚੇਤਨ-ਮਨ ਦਾ ਯਤਨ ਨਿਰੰਤਰ ਅਭਿਆਸ ਦੇ ਨਾਲ ਸਹਿਜੇ ਸਹਿਜੇ ਅਚੇਤਨ-ਮਨ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਅਜਪਾ ਜਾਪ ਬਣ ਜਾਂਦਾ ਹੈ। ਇਸ ਅਵਸਥਾ ਵਿਚ ਕਿਸੇ ਕੋਸ਼ਿਸ਼ ਨਾਲ ਜਪ ਕਰਨ ਦੀ ਲੋੜ ਨਹੀਂ ਪੈਂਦੀ, ਬਲਕਿ ਆਪਣੇ ਆਪ ਹੀ ਸਿਮਰਨ ਦੀ ਰੌ ਅੰਦਰ ਚਲਦੀ ਰਹਿੰਦੀ ਹੈ । ਇਸ ਦਸ਼ਾ ਵਿਚ ਭਾਵੇਂ ਕੋਈ ਕਿਰਤ ਕਾਰ ਵਿਚ ਰੁੱਝਾ ਹੋਵੇ ਜਾਂ ਸਵਣ-ਸਮਾਧੀ ਵਿਚ ਸੁਪਨੇ ਲੈ ਰਿਹਾ ਹੋਵੇ, ਪ੍ਰਮਾਤਮਾ ਦਾ ਸਿਮਰਨ ਸੁਤੇ ਸਿਧ ਹੀ ਚਲਦਾ ਰਹਿੰਦਾ ਹੈ। ਗੁਰੂ ਅਮਰਦਾਸ ਜੀ ਜਿਥੇ ਅੰਤਰਮੁਖੀ ਹੋ ਕੇ ਆਪਣੇ 'ਨਿਜ-ਘਰ' ਵਿਚੋਂ 'ਇਕ' ਦੇ ਦਰਸ਼ਨ ਵਿਚ ਮਗਨ ਰਹਿੰਦੇ ਸਨ, ਉਥੇ ਵਿਸ਼ਵ ਦੇ ਬਹੁ-ਬਿਧ-ਰੰਗੁਲੇ ਪਾਸਾਰੇ ਵਿਚੋਂ "ਇਕੋ ਜੋਤਿ" ਦਾ ਜਲਵਾ ਅਨੁਭਵ ਕਰਦੇ ਸਨ। ਉਨ੍ਹਾਂ ਦੇ ਜੀਵਨ ਵਿਚ ਅੰਤਰਮੁਖੀ–ਰਹੱਸਵਾਦੀਆਂ (Introvertive Mystics) ਵਾਲੀ ਸਮਾਜਿਕ-ਉਦਾਸੀਨਤਾ ਤੇ ਭਾਂਜ-ਪ੍ਰਵਿਰਤੀ ਬਿਲਕੁਲ ਹੀ ਨਹੀਂ ਸੀ । ਸਗੋਂ ਸਭ ਤੋਂ ਵੱਧ ਸਮਾਜ ਦੇ ਸੁਧਾਰ ਲਈ ਉਪਰਾਲੇ ਉਨ੍ਹਾਂ ਹੀ ਕੀਤੇ । ਬਾਉਲੀ ਸਾਹਿਬ ਤਿਆਰ ਕਰਵਾ ਕੇ ਉਨ੍ਹਾਂ ਸਭ ਨੂੰ ਇਕੋ ਥਾਂ ਤੋਂ ਜਲ ਛਕਾ ਕੇ ਪਾਣੀ ਦੀ ਭਿੱਟ ਖਤਮ ਕਰ ਦਿਤੀ। ਹਿੰਦੁਸਤਾਨ ਦੀ ਜ਼ਾਤ-ਪਾਤ ਦੇ ਵਿਤਕਰਿਆਂ ਵਾਲੀ ਚਉਰਾਸੀ ਕਟ ਦਿਤੀ । ਸਤੀ ਤੇ ਪਰਦੇ ਦੀਆਂ ਕੋਝੀਆਂ ਰਸਮਾ ਨੂੰ ਹਟਾ ਕੇ ਜਿਨਸੀ-ਏਕਤਾ ਨੂੰ ਸਥਾਪਿਤ ਕੀਤਾ । ਉਨ੍ਹਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਹਰ ਇਕ ਨੂੰ ਸੰਗਤ ਤੇ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਹੁਕਮ ਸੀ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਇਕ ਨਵੇਂ ਸਮਾਜ ਦੀ ਸਿਰਜਣਾ ਕੀਤੀ, ਜਿਥੇ ਏਕਤਾ ਤੇ ਸਮਾਨਤਾ ਦੇ ਸੁਨਹਿਰੀ ਅਸੂਲ ਹੋਂਦ ਵਿਚ ਆਏ।


www.AKJ.Org

ਗੁਰੂ ਅਮਰਦਾਸ ਜੀ ਸੱਚ ਨੂੰ ਪ੍ਰਗਟ ਕਰਨ ਵਾਲੇ ਸੂਰਮੇ ਹਨ, ਸ਼ੀਲਵੰਤ ਹਨ, ਸ਼ਾਂਤ ਸੁਭਾਉ ਦੇ ਮਾਲਕ ਹਨ, ਬਹੁਤ ਹੀ ਡੂੰਘੀ ਮਤਿ ਵਾਲੇ ਹਨ, ਨਿਰਵੈਰ ਹਨ, ਧੀਰਜਵਾਨ ਹਨ, ਘਣੀ ਸੰਗਤਿ ਵਾਲੇ ਹਨ, ਜਿਨ੍ਹਾਂ ਦੇ ਦੀਵਾਨ ਹਰ ਸਮੇਂ ਲਗੇ ਰਹਿੰਦੇ ਹਨ। ਗੋਇੰਦਵਾਲ ਜਾਈਏ ਤਾ ਇੰਜ ਪ੍ਰਤੀਤ ਹੁੰਦਾ ਹੈ ਕਿ ਚਾਰੇ ਪਾਸੇ ਸ਼ਾਂਤੀ ਛਾਈ ਹੋਈ ਹੈ, ਜਿਵੇਂ ਉਨ੍ਹਾ ਚਿੱਟਾ ਝੰਡਾ ਲਹਿਰਾ ਰਖਿਆ ਹੋਵੇ :

ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ,
ਸੰਗਤਿ ਸਘਨ, ਗਰੂਅ ਮਤਿ, ਨਿਰਵੈਰਿ ਲੀਣਾ॥
ਜਿਸ ਧੀਰਜੁ ਧੁਰਿ ਧਵਲੁ ਧੁਜਾ* ਸੇਤਿ ਬੈਕੁੰਠ
ਬੀਣਾ ॥੭॥ [ਪੰਨਾ ੧੩੯੩

ਭੱਟ ਕਲਸਹਾਰ ਨੇ ਇਨ੍ਹਾਂ ਸ਼ਬਦਾ ਵਿਚ ਦਰਸਾਇਆ ਹੈ ਕਿ ਗੁਰੂ ਅਮਰਦਾਸ ਜੀ ਨੇ ਵਿਸ਼ਵ-ਵਿਆਪੀ ਆਦਰਸ਼ਾ (Universal Ideals) ਦੀ ਸਥਾਪਨਾ ਕਰ ਕੇ ਇਲਾਹੀ ਰਾਜ ਕਾਇਮ ਕਰ ਦਿਤਾ। ਗੋਇੰਦਵਾਲ ਵਾਹਿਗੁਰੂ ਦੀ ਨਗਰੀ ਬਣ ਗਈ ਹੈ। ਗੁਰੂ ਜੀ ਨਿਰੰਕਾਰ ਦੇ ਦੇਸ਼ ਵਸ ਰਹੇ ਹਨ ਅਤੇ ਜੋ ਵੀ ਉਨ੍ਹਾਂ ਪਾਸ ਆਉਂਦਾ ਹੈ, ਖਿੜਾਉ ਲੈ ਕੇ ਜਾਂਦਾ ਹੈ। ਗੁਰੂ ਅਮਰਦਾਸ ਜੀ ਧੰਨ ਹਨ।

ਗੁਰਮੁਖਿ ਨਾਨਕ ਆਰਾਧਿਆ
ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥
ਵਾਰ ਸੋਰਠਿ, ਪੰਨਾ ੬੫੪

*"ਜਿਸ ਦਾ ਧੁਰ ਹਜ਼ੂਰੋਂ ਧੀਰਜ ਰੂਪ ਧੌਲਾ (ਚਿੱਟਾ) ਝੰਡਾ ਬੈਕੁੰਠ ਦੇ ਪੁਲ ਉਤੇ ਬਣਿਆ ਹੋਇਆ ਹੈ।"
—ਦੇਖੋ ਸ਼ਬਦਾਰਥ, ਪੰਨਾ ੧੩੯੩, ਫੁਟਨੋਟ

ਇੰਜ ਜਾਪਦਾ ਹੈ ਕਿ ਗੁਰੂ ਅਮਰਦਾਸ ਨੇ ਬਾਉਲੀ ਦੇ ਕਿਨਾਰੇ ਤੇ ਇਤਿਹਾਸਿਕ ਤੌਰ ਤੇ ਸਭ ਤੋਂ ਪਹਿਲਾਂ ਨਿਸ਼ਾਨ ਸਾਹਿਬ ਲਹਿਰਾ ਦਿਤਾ ਸੀ, ਜਿਸ ਦਾ ਰੰਗ ਚਿਟਾ ਸੀ। ਅਕਬਰ ਦੇ ੨੨ ਸੂਬਿਆਂ ਦੇ ਮੁਕਾਬਲੇ ਤੇ ੨੨ ਮੰਜੀਆਂ ਦੀ ਥਾਪਣਾ ਕਰਨੀ ਇਹ ਵੀ ਪ੍ਰਗਟ ਕਰਦਾ ਹੈ ਕਿ ਗੁਰੂ ਘਰ ਵਿਚ ਮੀਰੀ-ਕਿਰਦਾਰ ਉਭਰ ਰਿਹਾ ਸੀ, ਚਿੱਟਾ ਝੰਡਾ ਮੀਰੀ ਤੇ ਪੀਰੀ ਦਾ ਲਖਾਇਕ ਹੈ। ਇਲਾਹੀ ਰਾਜ ਦਾ ਸੰਦੇਸ਼ਾ ਦਿੰਦਾ ਹੈ।

(ਇਸ ਬਾਰੇ ਹੋਰ ਖੋਜ ਦੀ ਲੋੜ ਹੈ)

## ਜੁ ਸਿਰੁ ਨਿਵੈ ਗੁਰ ਅਮਰ ਨਿਤ

ਚਰਣ ਤ ਪਰ ਸਕਯਥ[੧] ਚਰਣ ਗੁਰ ਅਮਰ ਪਵਲਿਰਯ[੨]॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ[੩]॥
ਜੀਹ[੪] ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ[੫]॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ[੬]॥
ਸ੍ਰਵਣ[੭] ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥
ਸਕਯਥ ਸੁ ਹੀਉ
ਜਿਤੁ ਹੀਅ ਬਸੈ ਗੁਰ ਅਮਰਦਾਸ ਨਿਜ ਜਗਤ ਪਿਤ॥
ਸਕਯਥ ਸੁ ਸਿਰੁ ਜਾਲਪੁ ਭਣੈ
ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥

[ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੪

੧. ਸਕਾਰਥੇ। ੨. ਧਾਉਂਦੇ ਹਨ। ੩. ਪੈਰਾਂ ਚਰਨਾਂ ਤੇ। ੪. ਜੀਭ, ਰਸਨਾ। ੫. ਉਚਾਰਨ ਕਰੇ। ੬. (ਅਖਾਂ ਨਾਲ) ਵੇਖਿਆ ਜਾਏ। ੭. ਕੰਨ।


www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੧੦)

[ਵਲੋਂ—ਕੈਪਟਿਨ ਸਵਰਨ ਸਿੰਘ ਜੀ. ਘੜਿਆਲਾ]

### *ਇਸ ਜਿੱਤ ਦਾ ਅਸਰ—*

ਅਜਿੱਤ ਤੇ ਸਦਾ ਚੜ੍ਹਦੀ ਕਲਾ ਵਾਲੇ ਖਾਲਸਾ ਪੰਥ ਦੇ ਇਹਨਾਂ ਬਲਕਾਰ ਤੇ ਜੁਝਾਰ ਸੂਰਮਿਆਂ ਗਭੇ ਵਾਢ ਕਰਨ ਆਏ ਪਾਨੀਪੱਤ ਦੇ ਵਜੈਈ ਤੇ ਸਮੇਂ ਦੇ "ਸਰਵਉਤਮ ਜਰਨੈਲ" ਅਹਿਮਦ ਸ਼ਾਹ ਅਬਦਾਲੀ ਦਾ ਫਬਾ ਕੇ ਬੂਥਾ ਭੰਨਿਆ ਤੇ ਉਹ ਗਿਦੜ ਧਾਸ ਕੀਤੀ ਕਿ ਰਾਤੋ ਰਾਤ ਲਾਹੌਰ ਜਾ ਵੜਿਆ। ਸਿੰਘਾਂ ਦੀ ਮਾਰ ਤੋਂ ਬਚ ਕੇ 'ਕਾਬਲੀ ਬਿੱਲੇ' ਦਾ ਲਾਹੌਰ ਵਲ ਨੂੰ ਭਜਣ ਦਾ ਤਮਾਸ਼ਾ ਦੁਨੀਆ ਨੇ ਸ਼ਰੇਆਮ ਵੇਖਿਆ ।

ਸਿੰਘਾਂ ਦੀ ਵਡੇ ਪੈਮਾਨੇ ਤੇ ਇਹ ਪਹਿਲੀ ਜਿਤ ਸੀ ਜੋ ਉਹਨਾਂ ਨੇ ਪਠਾਣ ਜਾਬਰਾਂ ਤੇ ਹਾਸਿਲ ਕੀਤੀ। ਇਸ ਤੋਂ ਪਿਛੋਂ ਜਿਤਾਂ ਦਾ ਲੜੀਵਾਰ ਐਸਾ ਸਿਲਸਿਲਾ ਚਲਿਆ ਕਿ ਪੰਜਾਬ ਵਿਚੋਂ ਜਰਵਾਣਿਆਂ ਨੂੰ ਹੂੰਝ ਕੇ ਰਖ ਦਿਤਾ। ਸਗੋਂ ਪਿਸ਼ਾਵਰ ਤੋਂ ਅੱਗੇ ਜਮਰੌਦ ਤਕ ਮੁਲਕ ਜਿਤ ਕੇ ਖ਼ਾਲਸਈ ਨਿਸ਼ਾਨ ਝੁਲਾ ਦਿਤਾ । ਅਜੈ ਪਾਲ ਅਤੇ ਅਨੰਗ ਪਾਲ ਦੇ ਵੇਲੇ ਤੋਂ ਭਾਰਤ ਦਾ ਟੁਟਾ ਹੋਇਆ ਅੰਗ ਪਿਸ਼ਾਵਰ ਮੁੜ ਸੂਰਮਿਆਂ ਭਾਰਤ ਨਾਲ ਜੋੜ ਦਿਤਾ। ਸਭ ਤੋਂ ਵਡਾ ਅਸਰ ਇਹ ਹੋਇਆ ਕਿ ਪੰਜਾਬ ਦੇ ਲੋਕਾਂ ਦੇ ਦਿਲਾਂ ਉਤੇ ਜੋ ਸਦੀਆਂ ਤੋਂ ਪਠਾਣਾਂ ਦਾ ਰੁਅਬ ਜੰਮਿਆ ਹੋਇਆ ਸੀ, ਉਹ ਕਾਫ਼ੂਰ ਵਾਂਗ ਉਡ ਗਿਆ, ਸਗੋਂ ਸਿਖਾਂ ਦਾ ਪਠਾਣਾਂ ਉਤੇ ਕਦੀ ਵੀ ਨਾ ਉਤਰਨ ਵਾਲਾ ਰੁਅਬ, ਡਰ ਤੇ ਦਬਦਬਾ ਬੈਠ ਗਿਆ। ਮਿਸਾਲ ਵਜੋਂ ਅਜੇ ਤਕ ਪਠਾਣ ਮਾਵਾਂ ਆਪਣੇ ਚਾਂਭਲੇ, ਮਛਰੇ ਤੇ ਜ਼ਿਦਲ ਬੱਚਿਆਂ ਨੂੰ "ਖ਼ਾਮੋਸ਼ ਸ਼ੋ, ਹਰੀਆ ਰਾਗ਼ਲੇ" ਕਹਿ ਕੇ ਡਰਾਂਦੀਆਂ ਤੇ ਚੁਪ ਕਰਾਂਦੀਆਂ ਹਨ। 'ਹਰੀਆ' (ਸ: ਹਰੀ ਸਿੰਘ ਜੀ) ਸ਼ਬਦ ਸੁਣਦਿਆਂ ਬੱਚੇ ਦਾ ਡਰ ਨਾਲ ਉਤਲਾ ਸਾਹ ਉਤਾਹ ਤੇ ਹੇਠਲਾ ਹੇਠਾਂ ਰਹਿ ਜਾਂਦਾ ਹੈ ਤੇ ਸਹਿਮ ਕੇ ਮੱਖੀ ਵਾਂਗ ਕੰਧ ਨਾਲ ਲੱਗ ਜਾਂਦਾ ਹੈ। ਕੌਮਾਂ ਹਮੇਸ਼ਾ ਆਪਣੇ ਵਕਾਰ ਤੇ ਰੁਅਬ ਨਾਲ ਜੀਊਂਦੀਆਂ ਹਨ।

ਏਸ ਪਠਾਣੀ ਖਿੱਤੇ ਨੇ ਸਮੁਚੇ ਹਿੰਦੁਸਤਾਨ ਨੂੰ ਇਸ ਤਰ੍ਹਾਂ ਦਰੜਿਆ ਸੀ ਕਿ ਪੱਲੇ ਫੱਕਾ ਨਹੀਂ ਸੀ ਰਹਿਣ ਦਿਤਾ। ਕਿਹੜੀ ਬੇਪਤੀ ਸੀ ਜਿਹੜੀ ਹਿੰਦੁਸਤਾਨ ਦੀ ਨਾ ਹੋਈ ਹੋਵੇ। ਇਹਨਾਂ ਪਠਾਣਾਂ ਅਕਬਰ ਨੂੰ ਕੋਈ ਨਿਆਂ ਨਹੀਂ ਸੀ ਦਿਤਾ। ਯੂਸਫ ਜ਼ਈਆਂ ਨਾਲ ਲੜਦਿਆਂ ਇਕ ਰਤਨ ਬੀਰਬਲ ਤੇ ਕਈ ਉਘੇ ਜੰਗੀ ਸੂਰਮੇ ਮਾਰੇ ਗਏ। ਰਾਜਾ ਮਾਨ ਸਿੰਘ ਦੀ ਹੀਲ੍ਹੂੰ ਹੋ ਗਈ। ਜਹਾਂਗੀਰ ਨੂੰ ਇਹਨਾਂ ਟਿੱਚ ਸਮਝਿਆ। ਸ਼ਾਹ ਜਹਾਨ ਨੂੰ ਪੂਰਾ ਪੂਰ ਵਖਤ ਵਿਖਾ ਛੱਡਿਆ, ਔਰੰਗਜ਼ੇਬ ਦਾ ਨੱਕ ਵਿਚ ਦੰਮ ਕਰ ਛਡਿਆ। ਹਸਨ ਅਬਦਾਲ ਬੈਠ ਕੇ ਔਰੰਗਜ਼ੇਬ ਖ਼ੁਦ, ਪਠਾਣਾਂ ਨਾਲ ਲੜਦਾ ਰਿਹਾ। ਸਾਰੇ ਹਿੰਦੁਸਤਾਨ ਦਾ ਮਾਲਕ ਔਰੰਗਜ਼ੇਬ ! ਖੁਸ਼ਹਾਲ ਖਾਂ ਖ਼ਤਕ ਨੇ ਕੋਈ ਪੇਸ਼ ਨਾ ਜਾਣ ਦਿਤੀ। ਇਹਨਾਂ ਉਸ ਧਰਮ ਰਖਿਅਕ ਨੂੰ ਸੁਖ ਦਾ ਸਾਹ ਨਾ ਲੈਣ ਦਿਤਾ। ਕਦੀ ਵੀ ਉਹ ਇਹਨਾਂ ਨੂੰ ਈਨ ਨਾ ਮਨਾ ਸਕਿਆ। ਉਸ ਤੋਂ ਪਿਛੋਂ ਦੇ ਮੁਗਲੀਆ ਸਲਤਨਤ ਦੇ ਬਾਦਸ਼ਾਹਾਂ ਨਾਲ ਕੀ ਵਾਪਰੀ, ਦੁਨੀਆ ਦੇ ਸਾਹਮਣੇ ਹੈ। ਨਾਦਰ ਸ਼ਾਹ ਤੇ ਫਿਰ ਅਬਦਾਲੀ ਸੀਨੇ ਦੇ ਜ਼ੋਰ ਨਾਲ ਸ਼ਾਹੀ ਖਾਨਦਾਨ ਦੀਆਂ ਲਾਡਲੀਆਂ ਸ਼ਹਿਜ਼ਾਦੀਆਂ ਵਿਆਹ ਕੇ ਲੈ ਗਏ। ਦਿੱਲੀ ਰਾਜ ਨੂੰ ਨੰਗ ਮਲੰਗ ਬਣਾ ਸੁਟਿਆ। ਛਿਤਰਾਂ ਵਿਚ ਟੱਕੇ ਪਵਾਉਂਦੇ ਰਹੇ। ਆਹ ਕੱਲ੍ਹ ਤੱਕ ਜਿਨ੍ਹਾਂ ਦੀ ਤੂਤੀ ਬੋਲਦੀ ਸੀ ਤੇ ਦੁਨੀਆ



www.AKJ.Org

ਵਿਚ ਜਿਨ੍ਹਾਂ ਸਾਮ੍ਹਣੇ ਕੋਈ ਕੁਸਕਦਾ ਨਹੀਂ ਸੀ ਅਤੇ ਜਿਨ੍ਹਾਂ ਦੇ ਰਾਜ ਵਿਚ ਸਦਾ ਸੂਰਜ ਚੜ੍ਹਿਆ ਹੀ ਰਹਿੰਦਾ ਸੀ, ਕਦੀ ਛੁਪਦਾ ਨਹੀਂ ਸੀ, ਪਠਾਣਾਂ ਹਥੋਂ ਹਮੇਸ਼ਾ ਸੁਕਣੇ ਪਏ ਰਹੇ। ਪਠਾਣਾਂ ਤੋਂ ਮਾਲੀਆ ਮਾਲ-ਗੁਜ਼ਾਰੀ ਤਾਂ ਕੀ ਲੈਣਾ ਸੀ, ਸਗੋਂ ਅਮਨ ਕਾਇਮ ਰਖਣ ਲਈ ਅੰਗ੍ਰੇਜ਼ ਇਹਨਾਂ ਜਾਬਰਾਂ ਨੂੰ ਆਪ ਟੱਕੇ ਭਰਦੇ ਰਹੇ। ਪੈਸੇ ਦੇ ਦੇ ਕੇ ਅਮਨ ਕਾਇਮ ਕਰਨ ਦੇ ਜਤਨ ਕਰਦੇ ਰਹੇ। ਇਹਨਾਂ ਪਠਾਣਾਂ ਕਦੀ ਅੰਗ੍ਰੇਜ਼ ਨੂੰ ਚੈਨ ਦੀ ਨੀਂਦ ਨਹੀਂ ਸੀ ਸੌਣ ਦਿਤਾ। ਅਨੇਕਾਂ ਅੰਗ੍ਰੇਜ਼ ਜਰਨੈਲਾਂ ਇਹਨਾਂ ਨਾਲ ਹੋਈਆਂ ਲੜਾਈਆਂ ਭੜਾਈਆਂ ਵਿਚ ਇਹਨਾਂ ਦੀ ਤੁੰਦੀ, ਬਹਾਦਰੀ ਤੇ ਜਰਵਾਣਗੀ ਨੂੰ ਇਹਨਾਂ ਦਾ ਰੁਅਬ ਮੰਨਦਿਆਂ ਹੋਇਆਂ ਸਰਾਹਿਆ ਹੈ। ਅੰਗ੍ਰੇਜ਼ ਦੇ ਮਨ ਤੇ ਹਮੇਸ਼ਾ ਪਠਾਣਾਂ ਦਾ ਰੁਅਬ ਛਾਇਆ ਰਿਹਾ ਹੈ। ਪਰ ਸਿੰਘਾਂ ਨੇ ਇਹ ਐਸੇ ਦੱਬਕਾਏ ਤੇ ਨਿਸਲ ਕੀਤੇ ਕਿ ਕਦੀ ਹੁੱਤ ਨਾ ਕੀਤੀ ਤੇ ਕਦੀ ਉਚੀ ਸਾਹ ਤਕ ਨਾ ਲਿਆ। ਜਿਸ ਤਰ੍ਹਾਂ ਪਠਾਣ ਲਿਆ ਕਰਦੇ ਸਨ ਉਂਜ ਹੀ ਇਨ੍ਹਾਂ ਨੂੰ ਛਿਤਰਾਂ ਵਿਚ ਟੱਕੇ ਦੇਣੇ ਪਏ। ਸਿੰਘਾਂ ਦਾ ਸੋਲ੍ਹਾ ਤਕੜਾ ਸੀ। ਕੀ ਮਜਾਲ, ਇਹ ਫੇਰ ਕੰਨ ਵਿਚ ਪਾਏ ਦੁਖੇ ਹੋਣ। ਇਹ ਕੋਈ ਅੱਤ-ਕਥਨੀ ਨਹੀਂ, ਪਰਤੱਖ ਸਚਾਈ ਹੈ, ਜੋ ਇਥੇ ਪੂਰੇ ਵਿਸਥਾਰ ਨਾਲ ਨਹੀਂ ਦੱਸੀ ਜਾ ਸਕਦੀ।

ਇਸ ਦੀਵਾਲੀ ਵਾਲੇ ਦਿਨ ਸਿੰਘਾਂ ਘਲੂਘਾਰੇ ਵਾਲਾ ਬਦਲਾ ਹੀ ਨਹੀਂ ਲਿਆ, ਸਗੋਂ ਅਬਦਾਲੀ ਦੀ ਸ਼ਾਨ ਤੇ ਅਜ਼ਮਤ ਨੂੰ ਵੀ ਮਿਟੀ ਵਿਚ ਮਿਲਾ ਦਿੱਤਾ। ਉਹਦੇ ਇਸ ਸੁਪਨੇ ਨੂੰ, ਕਿ ਪੰਜਾਬ ਕਾਬਲ ਦੇ ਰਾਜ ਦਾ ਹਿੱਸਾ ਹੈ, ਚਕਨਾਚੂਰ ਕਰ ਦਿੱਤਾ। ਉਹ ਬੀਜ ਬੀਜਿਆ ਜੋ ਪਿਛੋਂ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੀ ਬਾਦਸ਼ਾਹੀ ਦੀ ਸ਼ਕਲ ਵਿਚ ਰੂਪਮਾਨ ਹੋਇਆ। ਅਬਦਾਲੀ ਕਾਬਲ ਨਾਲ ਪੰਜਾਬ ਨੂੰ ਮਿਲਾਉਣਾ ਚਾਹੁੰਦਾ ਸੀ, ਸਿੰਘਾਂ ਅਟਕੋਂ ਪਾਰਲਾ ਇਲਾਕਾ ਪਿਸ਼ਾਵਰੋਂ ਅਗੇ ਜਮਰੋਦ ਤਕ ਖੋਹ ਕੇ ਨਾਲ ਰਲਾ ਲਿਆ। ਇਹ ਇਲਾਕਾ ਅਜ ਵੀ ਪਾਕਿਸਤਾਨ ਵਿਚ ਸ਼ਾਮਲ ਹੈ। ਹਾਂ, ਬਿਲਕੁਲ ਜਮਰੋਦ ਤਕ। ਸ਼ੇਰੇ ਪੰਜਾਬ ਦੇ ਅਕਾਲ ਚਲਾਣੇ ਪਿਛੋਂ ੧੦ ਸਾਲ ਨਹੀਂ ਸਨ ਬੀਤੇ ਕਿ ਅੰਗ੍ਰੇਜ਼ ਦੀਆਂ ਚਾਲਾਂ ਰੰਗ ਲਿਆਈਆਂ, 'ਅਫਰਾ ਤਫਰੀ ਫੈਲੀ, ਗਦਾਰ ਜੰਮੇ, ਉਗੇ ਤੇ ਵਧੇ ਫੂਲੇ, ਖਾਲਸਾ ਰਾਜ ਉਤੇ ਜਮਰੋਦ ਤਕ ਅੰਗ੍ਰੇਜ਼ ਕਾਬਜ਼ ਹੋ ਗਿਆ। ੧੯੪੭ ਦੀ ਵੰਡ ਵੇਲੇ ਇਹ ਇਲਾਕਾ ਇਨ ਬਿਨ ਪਾਕਿਸਤਾਨ ਦੇ ਹਿਸੇ ਆਇਆ, ਜੋ ਅੱਜ ਵੀ ਉਨ੍ਹਾਂ ਪਾਸ ਹੈ।

## *ਸਿੰਘ ਲਖੀ ਜੰਗਲ ਦੀ ਓਟ ਵਿਚ—*

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਸ ਲੜਾਈ ਵਿਚ ਸਿੰਘਾਂ ਆਪਣਾ ਨਿਸ਼ਾਨਾ ਪੂਰਾ ਕਰ ਲਿਆ। ਦੁਨੀਆ ਵਿਚ ਸਾਬਤ ਕਰ ਦਿਤਾ ਕਿ ਹਿੰਦੁਸਤਾਨ ਦੀ ਪਤ ਦੇ ਰਾਖੇ ਖਾਲਸਾ ਜੀ ਦੇ ਰੂਪ ਵਿਚ ਜੀਊਂਦੇ ਹਨ। ਨਿਰੇ ਜੀਊਂਦੇ ਹੀ ਨਹੀਂ, ਜਰਵਾਣਿਆਂ ਉਤੇ ਭਾਰੂ ਵੀ ਹਨ। ਅਬਦਾਲੀ ਨੂੰ ਸ੍ਰੀ ਅੰਮ੍ਰਿਤਸਰ ਤੋਂ ਭਜਾ ਕੇ ਲਾਹੌਰ ਘਰਕਾ ਕੇ ਵਾੜਨਾ ਇਸ ਗੱਲ ਦਾ ਪਰਤੱਖ ਤੇ ਅਕੱਟ ਸਬੂਤ ਹੈ। ਇਸ ਪਿਛੋਂ ਖਾਲਸਾ ਜੀ ਤਾਕਤ ਨੂੰ ਹੋਰ ਵਧਾਉਣ ਲਈ ਤੇ ਕੁਝ ਆਰਾਮ ਕਰਨ ਲਈ ਲਖੀ ਜੰਗਲ ਵਲ ਨੂੰ ਚਲਿਆ ਗਿਆ। ਮਨਚਲੇ ਸੂਰਮੇ ਸੱਜੇ ਖਬੇ ਹੱਥ ਮਾਰਦੇ ਰਹੇ। ਅਹਿਮਦ ਸ਼ਾਹ ਦੇ ਹਮਾਇਤੀਆਂ ਦੇ ਦੇ ਸਿਰ ਤੇ ਕਾਲ ਕੂਕਦਾ ਰਿਹਾ। ਅਨੇਕਾਂ ਸੋਧ ਦਿਤੇ ਗਏ। ਰਹਿੰਦ ਖੂੰਹਦ ਦਮ ਘੁਟ ਕੇ ਸ਼ਹਿ ਮਾਰ ਗਈ।

## *ਖਾਲਸਾ ਜੀ ਦੇ ਖ਼ਿਲਾਫ਼ ਫਿਰ ਮੁਹਿੰਮਾਂ—*

ਜਿੰਨਾ ਚਿਰ ਕਸ਼ਮੀਰ ਵਲੋਂ ਦੁਰਾਨੀ ਫੌਜ ਨਾ ਆਈ, ਅਬਦਾਲੀ ਵੀ ਧੌਣ ਸੁਟ ਕੇ ਦੜ ਵੱਟ ਕੇ ਦਿਨ ਕਟਦਾ ਰਿਹਾ। ਜਦ ਕਸ਼ਮੀਰ ਦੀ ਮੁਹਿੰਮ ਸਰ ਕਰ ਕੇ ਫੌਜਾਂ ਕਾਫੀ ਤਾਦਾਦ ਵਿਚ ਵਾਪਸ ਆ ਗਈਆਂ ਤਾਂ ਲਾਹੌਰ ਵਿਚ ਕਾਬੂ ਆਏ ਅਬਦਾਲੀ ਤੇ ਉਸ ਦੀਆਂ ਫ਼ੌਜਾਂ ਨੇ ਸੁਖ ਦਾ ਸਾਹ ਲਿਆ। ਹੁਣ ਉਸ ਦੇ ਹਿੰਦੁਸਤਾਨੀ ਹਿਮਾਇਤੀ



www.AKJ.Org

ਅਤੇ ਅਨੁਸਾਰੀ ਆਪਣੇ ਆਪਣੇ ਲਾਮ-ਲਸ਼ਕਰ ਲੈ ਕੇ ਲਾਹੌਰ ਵਲ ਨੂੰ ਧਾ ਕੇ ਆਏ ਤੇ ਆਣ ਬੇਓੜਕੇ ਇਕੱਠੇ ਹੋਏ । ਨਵੰਬਰ ਦਾ ਸ਼ੁਰੂ ਸੀ ਤੇ ਮੌਸਮ ਵਿਚ ਕਾਫ਼ੀ ਠੰਡ ਹੋ ਚੁਕੀ ਸੀ । ਸਿੰਘਾਂ ਹੱਥੋਂ ਹੋ ਚੁਕੀ ਹਾਰ ਦਾ ਦਾਗ਼ ਧੋਣ ਲਈ ਚੰਗਾ ਢੋ ਢੁਕ ਗਿਆ ਸੀ। ਸਿਖਾਂ ਦੀ ਵਧ ਰਹੀ ਤਾਕਤ ਉਤੇ ਚੰਗੀ ਕਾਰੀ ਸੱਟ ਮਾਰਨ ਲਈ ਉਸ ਨੇ ਨਵੇਂ ਸਿਰਿਉਂ ਲਾਹੌਰੋਂ ਇਕ ਤਕੜੀ ਮੁਹਿੰਮ ਸਿਖਾਂ ਦਾ ਖੁਰਾ ਖੋਜ ਮੁਕਾਉਣ ਲਈ ਤੋਰੀ ।† ਇਸ ਦਾ ਹਾਲ ਅਹਿਮਦ ਯਾਦਗਾਰ ਇੰਜ ਵਰਨਣ ਕਰਦਾ ਹੈ :–

## *ਲਖੀ ਜੰਗਲ ਵਿਚ ਟੱਕਰ--*

"ਇਕ ਦਿਨ ਸ਼ਹਿਨਸ਼ਾਹ ਤਕੜੀ ਫ਼ੌਜ ਲੈ ਕੇ ਲਖੀ ਜੰਗਲ ਤੇ ਮਾਝੇ ਦੇ ਥਲ ਵਲ ਸਿਖਾਂ ਦੀ ਬਰਬਾਦੀ ਦੀ ਮੁਹਿੰਮ ਤੇ ਚੜ੍ਹਿਆ। ਉਸ ਦਾ ਹੁਕਮ ਸੀ ਕਿ ਕੋਈ ਵੀ ਹਿੰਦੂ, ਜਿਸ ਦੇ ਕੇਸ ਦਾੜ੍ਹੀ ਹਨ, ਜੋ ਕਿ ਸਿਖੀ ਦੇ ਸਾਕਾਰ ਚਿੰਨ੍ਹ ਹਨ, ਨੂੰ ਵਿਹੰਦਿਆਂ ਸਾਰ ਤਲਵਾਰ ਦੇ ਘਾਟ ਉਤਾਰ ਦਿਉ । ਸਿਖ ਇਹ ਕਰੜਾ ਹੁਕਮ ਸੁਣਦਿਆਂ ਸਾਰ ਹਵਾ ਹੋ ਗਏ ਤੇ ਜੰਗਲੀਂ ਜਾ ਪੁਜੇ । ਇਸ ਬਿਜੈਈ ਫ਼ੌਜ ਦੇ ਦਸਤੇ ਉਹਨਾਂ ਦੇ ਪਿਛੇ ਚਾੜ੍ਹੇ ਗਏ। ਇਕ ਦਿਨ ਸਿਖਾਂ ਦਾ ਇਕ ਜੱਥਾ ਉਸ ਸ਼ਿਕਾਰਗਾਹ ਵਿਚ ਨਜ਼ਰੀ ਪੈ ਗਿਆ। ਫ਼ੌਜ ਦੇ ਇਕ ਤਕੜੇ ਦਸਤੇ ਨੂੰ ਹੁਕਮ ਹੋਇਆ ਕਿ ਇਹਨਾਂ ਨੂੰ ਜੀਊਂਦਿਆਂ ਹੀ ਫੜ ਲਿਆ ਜਾਵੇ । ਤੜੱਕ ਫੜੱਕ ਸਿਖਾਂ ਦਾ ਇਕ ਹੋਰ ਜੱਥਾ ਦੂਜੇ ਪਾਸਿਓਂ ਓਥੋਂ ਆ ਨਿਕਲਿਆ ਤੇ ਆਉਂਦਿਆਂ ਹੀ ਬਾਦਸ਼ਾਹ ਦੇ ਨਾਲ ਦੇ ਦਸਤਿਆਂ ਨਾਲ ਟਕਰ ਪਿਆ । ਇਸ ਸਮੇਂ ਦੁਰਾਨੀ ਸ਼ਹਿਨਸ਼ਾਹ ਬੈਠਾ ਹੁੱਕਾ ਨੋਸ਼ ਫ਼ਰਮਾ ਰਿਹਾ ਸੀ । ਇਹ ਮਰਦੂਦ ਲੋਕ ਅੰਧਾ-ਧੁੰਦ ਧੁਸ ਦੇ ਕੇ ਅਗਾਂਹ ਨੂੰ ਵਧਦੇ ਆਏ । ਨਜ਼ਦੀਕ ਅੱਪੜ ਜਾਣ ਤੇ ਇਕ ਸਿਖ ਘੋੜ-ਸੁਆਰ ਸਰਪਟ ਘੋੜਾ ਦੁੜਾ ਕੇ ਬੜੀ ਤੁੰਦੀ ਤੇ ਦਲੇਰੀ ਨਾਲ ਬਾਦਸ਼ਾਹ ਵਲ ਵਧਿਆ, ਤਾਕਿ ਉਸ ਨੂੰ ਥਾਂ ਤੇ ਹੀ ਮਾਰ ਦੇਵੇ । ਸੂਰਬੀਰ ਬਾਦਸ਼ਾਹ ਨੇ ਝਟ ਆਪਣੀ ਕਮਾਨ ਵਿਚ ਤੀਰ ਚਾੜ੍ਹਿਆ ਤੇ ਐਸਾ ਖਿਚ ਕੇ ਮਾਰਿਆ ਕਿ ਉਸ ਦੀ ਛਾਤੀ ਵਿਚੋਂ ਪਾਰ ਹੋ ਗਿਆ। ਦੂਸਰਿਆਂ ਉਤੇ ਉਸ ਦੇ ਖਿਦਮਤਗਾਰ, ਖ਼ੁਆਜੇ (ਖੁਸਰੇ ਤੇ ਗਵੱਈਏ) ਨੌਕਰ ਚਾਕਰ ਤੇ ਸ਼ਿਕਾਰੀ ਬੰਦੂਕਚੀ ਟੁਟ ਪਏ, ਜਦ ਕਿ ਦੂਜੇ ਜੋ ਬਚੇ, ਉਹ ਹਰਨ ਹੋ ਗਏ।"*

ਇਸ ਘਟਨਾ ਦਾ ਬਾਦਸ਼ਾਹ ਦੇ ਦਿਲ ਤੇ ਏਨਾ ਅਸਰ ਹੋਇਆ ਕਿ ਬਾਕੀ ਜ਼ਿੰਦਗੀ ਵਿਚ ਕਦੀ ਏਨੀ ਦੀਦਾ ਦਲੇਰੀ ਕਰ ਕੇ ਸਿਖਾਂ ਦੇ ਪਿਛੇ ਜੰਗਲਾਂ ਵਿਚ ਨਾ ਗਿਆ। ਆਪਣੀ ਸ੍ਵੈ-ਰੱਖਿਆ ਦੇ ਪਰਬੰਧ ਬੜੇ ਕਰੜੇ ਕਰ ਲਏ । ਇਸ ਘਟਨਾ ਦਾ ਪਿਆ ਡਰ ਬਾਕੀ ਸਾਰੀ ਉਮਰ ਉਸ ਦੇ ਮਨ ਵਿਚੋਂ ਨਾ ਨਿਕਲਿਆ, ਜਿਵੇਂ ਕਿ ਇਸ ਤੋਂ ਬਾਅਦ ਦੇ ਹਾਲਾਤ ਸਾਬਤ ਕਰਦੇ ਹਨ।

## *ਅਬਦਾਲੀ ਦਾ ਲਾਹੌਰੋਂ ਅਫ਼ਗ਼ਾਨਿਸਤਾਨ ਵਲ ਵਾਪਸ ਮੁੜਨਾ-*

ਸਿਖਾਂ ਨਾਲ ਨਿਤ ਦੀਆਂ ਝੜਪਾਂ, ਜੋ ਦਿਨ ਬਦਿਨ ਵਧਦੀਆਂ ਹੀ ਜਾਂਦੀਆਂ ਸਨ, ਕਾਰਨ ਦੁਰਾਨੀ ਬਾਦਸ਼ਾਹ ਕਾਫ਼ੀ ਬੇਚੈਨ ਸੀ । ਅਫ਼ਗ਼ਾਨਿਸਤਾਨ ਵਿਚ ਹਾਲਾਤ ਐਸਾ ਰੁਖ਼ ਅਖ਼ਤਿਆਰ ਕਰ ਰਹੇ ਸਨ ਕਿ ਉਸ ਦੀ ਬੇਚੈਨੀ ਪਲੋ ਪਲੀ ਵਧਦੀ ਹੀ ਜਾ ਰਹੀ ਸੀ। ਪਰ ਉਹ ਜਾਣ ਤੋਂ ਪਹਿਲਾਂ ਦਿਲੀ ਦੇ ਮੁਆਮਲਾਤ ਨੂੰ ਵੀ ਨਜਿਠ ਜਾਣਾ ਚਾਹੁੰਦਾ ਸੀ। ਉਸ ਨੇ ਸ਼ੁਰੂ ਨਵੰਬਰ ਵਿਚ ਨਜੀਬ ਉਦਦੌਲਾ ਅਤੇ ਯਾਕੂਬ ਅਲੀ ਖਾਨ ਨੂੰ ਦਿਲੀ ਤੋਂ ਸਦ ਘਲਿਆ ਸੀ। ਮਨੀਰ ਉੱਦਦੌਲਾ, ਆਗ਼ਾ ਰਜ਼ਾ

† ਡਾ: ਹਰੀ ਰਾਮ ਗੁਪਤਾ 'ਹਿਸਟਰੀ ਆਫ ਦੀ ਸਿਖਸ ii, ਸਫ਼ਾ ੧੯੨-੯੩

* ਅਹਿਮਦ ਯਾਦਗਾਰ — ਤਾਰੀਖੇ-ਸਲਾਤੀਨੇ ਅਫ਼ਗਾਨਾਂ, ੧੭੨-੭੩ । ਡਾ: ਗੰਡਾ ਸਿੰਘ— ਅਹਿਮਦ ਸ਼ਾਹ ਦੁਰਾਨੀ, ਸਫ਼ਾ ੨੮੭ ।



www.AKJ.Org

ਤੇ ਅਬਦੁਲਾ ਸ਼ਾਹ ਆਲਮ ਦੂਜੇ ਵਸੋਂ ਨੁਮਾਇੰਦੇ ਨੀਯਤ ਹੋ ਕੇ ਉਸ ਪਾਸ ਆਏ ਸਨ। ਅਬਦਾਲੀ ਨੇ ਸ਼ਾਹ ਆਲਮ ਦੂਜੇ ਨੂੰ ਦਿਲੀ ਦਾ ਬਾਦਸ਼ਾਹ ਮੰਨ ਲਿਆ। ਨਜੀਬ ਉਦਦੌਲਾ ਅਤੇ ਮੁਨੀਰ ਉਦਦੌਲਾ ਨੇ ਹਰ ਸਾਲ ੪੦ ਲਖ ਸ਼ਾਹ ਆਲਮ ਸਾਨੀ ਵਜੋਂ ਅਬਦਾਲੀ ਨੂੰ ਦੇਣਾ ਮੰਨਿਆ ਤੇ ਇਸ ਦੇ ਇਵਜ਼ ਵਿਚ ਅਬਦਾਲੀ ਨੇ ਉਨ੍ਹਾਂ ਨੂੰ ਇਹ ਪਰਵਾਨਗੀ ਦੇ ਦਿਤੀ ਕਿ ਉਹ ਭੀੜ ਸਹੀੜ ਵੇਲੇ ਉਸ ਦੇ ਨਾਮ ਦਾ ਰੁਅਬ ਤੇ ਡਰ ਦੇ ਕੇ ਬਾਕੀ ਹਿੰਦੁਸਤਾਨੀ ਰਾਜੇ ਰਜਵਾੜਿਆਂ ਨੂੰ ਸ਼ਾਹ ਆਲਮ ਦੇ ਤਾਬਿਆ ਰਖਣ। ਲੋੜ ਪੈਣ ਤੇ ਉਹ ਵੀ ਚਿਠੀ ਪੱਤਰ ਰਾਹੀਂ ਇਹਨਾਂ ਰਾਜਿਆਂ ਨੂੰ ਦਬਕੋਂ ਧਮਕੋਂ ਦਿਆ ਕਰੂ, ਪਰ ਫ਼ੌਜੀ ਇਮਦਾਦ ਕੋਈ ਨਹੀਂ ਦਿਤੀ ਜਾਵੇਗੀ।*

ਇਸ ਤੋਂ ਪਿਛੋਂ ਪੰਜਾਬ, ਕਸ਼ਮੀਰ, ਸਰਹੰਦ ਆਦਿ ਦਾ ਹੇਠ ਲਿਖੇ ਅਨੁਸਾਰ ਪਰਬੰਧ ਕਰ ਕੇ ੧੨ ਦਸੰਬਰ ੧੭੬੨ ਨੂੰ ਲਾਹੌਰੋਂ ਅਫ਼ਗਾਨਿਸਤਾਨ ਨੂੰ ਵਾਪਸ ਤੁਰ ਗਿਆ‡ :-

ਲਾਹੌਰ – ਕਾਬਲੀ ਮਲ–ਨਾਜਿਮ (ਗਵਰਨਰ), ਸਦਰ ਮੁਕਾਮ ਲਾਹੌਰ।

ਸਰਹੰਦ–ਪੁਰਾਣੇ ਗਵਰਨਰ ਜ਼ੈਨ ਖਾਂ ਨੂੰ ਬਹਾਲ ਰਖਿਆ, ਸਦਰ ਮਕਾਮ ਸਰਹੰਦ।

ਪਹਾੜ-ਬਿਆਸ ਅਤੇ ਸਤਲੁਜ ਦਾ ਵਿਚਕਾਰਲਾ ਇਲਾਕਾ–ਘੁਮੰਡ ਚੰਦ ਕਟੋਚ ਕਾਂਗੜੀਆ, ਸਦਰ ਮੁਕਾਮ ਕਾਂਗੜਾ।

ਜਲੰਧਰ ਦੁਆਬ–ਸਆਦਤ ਖ਼ਾਨ ਨੂੰ ਹੀ ਬਹਾਲ ਰਹਿਣ ਦਿਤਾ, ਸਦਰ ਮੁਕਾਮ ਜਲੰਧਰ।

ਕਲਾਨੌਰ–ਖ਼ੁਵਾਜਾ ਉਬੈਦ ਖਾਨ, ਕਲਾਨੌਰ।

ਬਾਰੀ ਦੁਆਬ–ਮੁਰਾਦ ਖਾਨ,ਸਦਰ ਮੁਕਾਮ ਬਟਾਲਾ।

ਰਚਨਾ ਅਤੇ ਸਿੰਧ ਸਾਗਰ–ਜਹਾਨ ਖਾਨ, ਸਮੇਤ ਸੂਬਾ ਪਿਸ਼ਾਵਰ, ਸਦਰ ਮੁਕਾਮ – ਪਿਸ਼ਾਵਰ ਅਤੇ ਰੁਹਤਾਸ।

ਕਸ਼ਮੀਰ–ਨੂਰਉੱਦੀਨ ਬਾਮਜ਼ਈ, ਸ੍ਰੀ ਨਗਰ*।

ਕਾਬਲੀ ਮਲ ਨੂੰ ਸਾਰੇ ਪੰਜਾਬ ਦਾ ਸ਼੍ਰੋਮਣੀ ਪ੍ਰਬੰਧਕ ਥਾਪਿਆ। ਇਸ ਵਿਚ ਉਸ ਦਾ ਮੰਤਵ ਇਹ ਸੀ ਕਿ ਸ਼ਾਇਦ ਇਹ ਸ਼ਖਸ ਸਿਖਾਂ ਪਾਸੋਂ ਅਮਨ ਅਮਾਨ ਦੀ ਭੀਖ ਲੈ ਸਕੇ।†

੧੨ ਦਸੰਬਰ ੧੭੬੨ ਨੂੰ ਲਾਹੌਰ ਛਡ ਕੇ ਰਾਵੀ ਦੇ ਰਾਹੇ ਮੁਲਤਾਨ ਵਲ ਨੂੰ ਤੁਰਿਆ। ਉਸ ਨੇ ਰਸਤਾ ਇਹ ਅਪਣਾਇਆ : ਲਾਹੌਰੋਂ ਮੁਲਤਾਨ, ਫਿਰ ਬਹਾਵਲ ਪੁਰ, ਫਿਰ ਡੇਰਾ ਇਸਮਾਈਲ ਖਾਂ। ਡੇਰਾ ਇਸਮਾਈਲ ਖਾਨ ਤੋਂ ਦਰਾ ਗੋਮਲ ਦੇ ਰਸਤੇ ਗਜ਼ਨੀ ਤੇ ਉਥੋਂ ਅਗੇ ਕੰਧਾਰ ਨੂੰ, ਜੋ ਉਸ ਦੀ ਰਾਜਧਾਨੀ ਸੀ।

---

* ਬਖਤ ਮਲ—ਖਾਲਸਾ ਨਾਮਾ, ਸਫ਼ਾ ੬੯,
ਸੋਹਨ ਲਾਲ-ਉਮਦਤ-ਉਤ-ਤਵਾਰੀਖ, ਜਿਲਦ I, ਸਫ਼ਾ ੧੫੯,

ਖੁਸ਼ਵਕਤ ਰਾਏ—ਕਿਤਾਬ-ਏ-ਤਾਰੀਖ਼-ਏ-ਪੰਜਾਬ,੯੫। ਕਾਬਲੀ ਮਲ ਕਾਬਲ ਦਾ ਬ੍ਰਾਹਮਣ ਸੀ,ਹਿਉਗਲ੨੭੧ ਪਰ ਅਹਿਵਾਲੇ ਆਦੀਨਾ ਬੇਗ ਖਾਨ ੬੦-ਅ ਉਤੇ ਉਸ ਦਾ ਕਰਤਾ ਲਿਖਦਾ ਹੈ ਕਿ ਕਾਬਲੀ ਮਲ ਕਪੂਰ ਖਤਰੀ ਸੀ। ਦਿਲੀ ਕ੍ਰਾਨੀਕਲ। ਜਾਦੂਨਾਥ ਸਰਕਾਰ—ਫਾਲ ਆਫ ਦੀ ਮੁਗਲ ਐਂਪਾਇਰ ii, ੪੮੯।

‡ ਅਹਿਮਦ ਸ਼ਾਹ ੮੯੫-੯੬, ਦਿਹਲੀ ਕ੍ਰਾਨੀਕਲ।

* ਅਲੀ ਉਦਦੀਨ—ਇਬਰਤਨਾਮਾ, ੨੭੧
ਸੋਹਨ ਲਾਲ—ਉਮਦਤ-ਉਤ-ਤਵਾਰੀਖ I, ੧੫੯।
ਖੁਸ਼ਵਕਤ ਰਾਏ—ਕਿਤਾਬ-ਏ-ਤਾਰੀਖ-ਏ-ਪੰਜਾਬ, ੭੯।
ਗੁਲਾਬ ਨਾਮਾ—੭੯। ਗੁਲਜ਼ਾਰੇ ਕਸ਼ਮੀਰ ੨੩੩।
ਸੌਲਾਤ-ਏ-ਅਫਗਾਨੀ—੨੫੩।

ਡਾ: ਗੰਡਾ ਸਿੰਘ—ਅਹਿਮਦਸ਼ਾਹ ਦੁਰਾਨੀ, ਸਫ਼ਾ ੨੮੮,
ਸ: ਜਸਾ ਸਿੰਘ ਆਹਲੂਵਾਲੀਆ, ਸਫ਼ਾ ੧੩੧-੩੨
ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ ਦੀ ਸਿਖਸ, ਜਿਲਦ ii-੧੯੪।

† ਫ਼ਾਰਸਟਰ ਸਾਹਿਬ—ਏ ਜਰਨੀ ਫ਼੍ਰਾਮ ਬੰਗਾਲ ਟੂ ਇੰਗਲੈਂਡ I-੩੨੦। ਦਿਲੀ ਕ੍ਰਾਨੀਕਲ—੧੯੪।



www.AKJ.Org

ਲਾਹੌਰੋਂ ਨਿਕਲਦਿਆਂ ਸਾਰ ਸਿੰਘ ਵੀ ਮਗਰ ਲਗ ਤੁਰੇ। ਸਿੰਘਾਂ ਮੁੜਦੀ ਫੌਜ ਤੇ ਜੀਅ ਖੋਲ੍ਹ ਕੇ ਬੜੇ ਖੁਲ੍ਹੇ ਹਥ ਮਾਰੇ। ਸਿੰਘਾਂ ਨੇ ਉਸ ਦੀ ਜਾਂਦੀ ਹੋਈ ਫੌਜ ਵਿਚ ਘੁਸ ਘੁਸ ਕੇ ਇਸ ਤਰ੍ਹਾਂ ਹੱਲੇ ਕੀਤੇ ਅਤੇ ਉਸ ਦੇ ਮਾਲ ਅਸਬਾਬ ਨੂੰ ਇੰਜ ਲੁਟਿਆ ਕਿ ਉਹ ਸਿੰਘਾਂ ਦੀ ਇਸ ਬਹਾਦਰੀ ਅਤੇ ਦੀਦਾ ਦਲੇਰੀ ਉਤੇ ਨਿਰਾ ਹੈਰਾਨ ਤੇ ਪ੍ਰੇਸ਼ਾਨ ਹੀ ਨਹੀਂ ਸੀ ਹੁੰਦਾ, ਸਗੋਂ ਅਸ਼ ਅਸ਼ ਕਰਦਾ ਸੀ। ਸਿੰਘਾਂ ਸਿੰਧ ਦਰਿਆ ਤਕ ਪਿੱਛਾ ਨਹੀਂ ਛਡਿਆ। ਨਾਲ ਨਾਲ ਉਸ ਦਾ ਭਾਰ ਵੀ ਕਾਫੀ ਹੌਲਾ ਕਰ ਸੁਟਿਆ। ਅਬਦਾਲੀ ਲਾਹੌਰੋਂ ਅਜੇ ਬਹੁਤੀ ਦੂਰ ਨਹੀਂ ਸੀ ਗਿਆ ਕਿ ਸਿੰਘ ਦੂਜੇ ਪਾਸਿਓਂ ਲਾਹੌਰ ਉਤੇ ਬਾਜਾਂ ਵਾਂਗ ਝਪਟੇ, ਕਾਬਲੀ ਮਲ ਨੂੰ ਡਰਾ ਕੇ ਕਿਲ੍ਹੇ ਦੀ ਨੁਕਰੇ ਲਾ ਦਿਤਾ ਅਤੇ ਆਪਣੀ ਸਰਦਾਰੀ ਦਾ ਨਿਸ਼ਾਨ ਲਾਹੌਰ ਵਿਚ ਆਣ ਗੱਡਿਆ।† ਇਸ ਦੀ ਖਬਰ ਅਬਦਾਲੀ ਨੂੰ ਮੁਲਤਾਨੋਂ ਕਾਫੀ ਉਰੇ ਹੀ ਮਿਲ ਗਈ ਸੀ, ਪਰ ਕਾਬਲੀ ਮਲ ਦੀ ਪਰਤ ਕੇ ਸਹਾਇਤਾ ਕਰਨ ਦਾ ਉਸ ਨੂੰ ਹੀਆ ਹੀ ਨਹੀਂ ਪਿਆ। ਇਹ ਸੀ ਸਿੰਘਾਂ ਦਾ ਰੁਅਬ ਅਤੇ ਧੌਂਸ। ਚੜ੍ਹਦੀ ਕਲਾ ਦੇ ਇਹੋ ਹੀ ਨਿਸ਼ਾਨ ਹੋਇਆ ਕਰਦੇ ਹਨ।

## ਜਨਵਰੀ ੧੭੬੩ ਤੋਂ ਜਨਵਰੀ ੧੭੬੪ ਤਕ ਦੇ ਹਾਲ–

ਅਹਿਮਦ ਸ਼ਾਹ ਦੀ ਲਾਹੌਰੋਂ ਤੁਰਨ ਦੀ ਦੇਰ ਸੀ ਕਿ ਦੂਰ ਨੇੜੇ ਜੰਗਲੀਂ ਬੇਲੀਂ ਗਏ ਸਿੰਘ ਤੁਰੰਤ ਨਿਕਲ ਆਏ ਅਤੇ ਆਪਣੀਆਂ ਪੁਰਾਣੀਆਂ ਮਲਾਂ ਮੁੜ ਨਵੇਂ ਸਿਰਿਓਂ ਮੱਲਣੀਆਂ ਸ਼ੁਰੂ ਕਰ ਦਿਤੀਆਂ। ਜੋ ਜੰਗੀ ਸਿੰਘ ਦੂਰ ਦੁਰਾਡੇ ਥਾਂਵਾਂ ਤੇ ਨੀਤੀ ਤਹਿਤ ਵਕਤ-ਕਟੀ ਲਈ ਗਏ ਸਨ, ਉਹ ਵੀ ਆ ਕੇ ਖੁਲ੍ਹੇ ਵਿਚਰਨ ਲਗੇ। ਸਿੰਘ ਵੇਲਾ ਟਪਾਉਣ ਲਈ ਹੀ ਅਗੇ ਪਿਛੇ ਹੋ ਜਾਇਆ ਕਰਦੇ ਸਨ। ਜਾਂ ਦੁਸ਼ਮਣ ਨਾਲ ਟਕਰਨ ਲਈ ਜਾਂ ਕਿਸੇ ਵੱਡੀ ਸਾਂਝੀ ਮੁਹਿੰਮ ਉਤੇ, ਜਦ ਜੰਗੀ ਸਿੰਘਾਂ ਦੀ ਕਾਫੀ ਤਾਦਾਦ ਵਿਚ ਲੋੜ ਹੋਵੇ, ਤਦ ਹੀ ਬਾਹਰ ਜਾਇਆ ਕਰਦੇ ਸਨ। ਹੁਣ ੧੭੬੩ ਈਸਵੀ ਦਾ ਅਰੰਭ ਸੀ ਅਤੇ ਸਿੰਘਾਂ ਨੇ ਆਪਣੇ ਆਪਣੇ ਪਰਬੰਧ ਨੂੰ ਨਵੇਂ ਸਿਰਿਓਂ ਸਵਾ-ਰਿਆ। ਸਭ ਕੁਝ ਠੀਕ ਠਾਕ ਕਰ ਕੇ ਆਪਣੀ ਆਪਣੀ ਤਾਕਤ ਨੂੰ ਚੰਗ੍ਹੀ ਵਧਾਇਆ ਅਤੇ ਸੰਗਠਤ ਕੀਤਾ। ਪੰਜਾਬ ਵਿਚ ਰਹਿਣ ਵਾਲੇ ਜਿਹੜੇ ਚੌਧਰੀਆਂ ਤੇ ਕਰਮਚਾਰੀਆਂ ਨੇ ਅਹਿਮਦ ਸ਼ਾਹ ਦੀ ਪੰਜਾਬ ਵਿਚ ਮੌਜੂਦਗੀ ਸਮੇਂ ਸਿੰਘਾਂ ਨਾਲ ਵੈਰ ਕਮਾਇਆ ਸੀ ਤੇ ਜ਼ੁਲਮ ਕੀਤੇ ਸਨ, ਉਹਨਾਂ ਦੀ ਸੁਹਣੀ ਸੁਧਾਈ ਕੀਤੀ ਅਤੇ ਆਪਣਾ ਲੇਖਾ ਜੋਖਾ ਅੱਛੀ ਤਰ੍ਹਾਂ ਸਾਫ਼ ਕਰ ਲਿਆ।

## ਖਾਲਸਾ ਜੀ ਨੇ ਦੋ ਨਿਸ਼ਾਨੇ ਮਿਥੇ–

ਸਮੇਂ ਦਾ ਰੁਖ਼ ਵੇਖਦਿਆਂ, ਸ: ਜੱਸਾ ਸਿੰਘ ਜੀ ਆਹਲੂਵਾਲੀਆ ਨੇ ਖਾਲਸਾ ਦਲ ਦੇ ਮੁਖੀ ਸਰਦਾਰਾਂ ਨਾਲ ਰਲ ਕੇ ਸਲਾਹ ਕੀਤੀ ਅਤੇ ਇਹ ਪਾਸ ਕੀਤਾ ਕਿ ਖਾਲਸਾ ਜੀ ਲਈ ਅਤਿ ਜ਼ਰੂਰੀ ਹੈ ਕਿ ਪਹਿਲਾਂ ਦੀਆਂ ਮਾਰੀਆਂ ਮੱਲਾਂ ਕਾਬੂ ਕਰ ਕੇ ਚੰਗੀ ਤਰ੍ਹਾਂ ਪੱਕੀਆਂ ਕਰ ਲਈਆਂ ਜਾਣ। ਨੰਬਰ ਦੋ ਢਾਹੇ ਹੋਏ ਦਰਬਾਰ ਸਾਹਿਬ ਦੀ ਸੇਵਾ ਸ਼ੁਰੂ ਕੀਤੀ ਜਾਵੇ ਅਤੇ ਇਸ ਦੀ ਪਹਿਲਾਂ ਵਾਲੀ ਸ਼ਾਨ ਬਣਾਈ ਜਾਵੇ। ਇਹਨਾਂ ਨਿਸ਼ਾਨਿਆਂ ਦੀ ਪੂਰਤੀ ਲਈ ਸਾਰਾ ਖਾਲਸਾ ਦਲ ਦੋ ਭਾਗਾਂ ਵਿਚ ਵੰਡਿਆ ਗਿਆ। ਇਕ ਹਿੱਸਾ, ਜਿਸ ਨੂੰ ਬੁੱਢਾ ਦਲ ਕਹਿੰਦੇ ਸਨ ਅਤੇ ਜਿਸ ਵਿਚ ਇਹ ਛੇ ਮਿਸਲਾਂ ਸ਼ਾਮਲ ਸਨ–ਆਹਲੂਵਾਲੀਆ, ਡਲੇਵਾਲੀਆ, ਕ੍ਰੋੜਾ ਸਿੰਘੀਆ, ਨਿਸ਼ਾਨਵਾਲੀਆ, ਸ਼ਹੀਦ ਅਤੇ ਸਿੰਘ ਪੁਰੀਆ––ਸ: ਜੱਸਾ ਸਿੰਘ ਦੀ ਕਮਾਨ ਥਲੇ ਇਲਾਕੇ ਵਿਚ ਫਿਰ ਨਿਕਲਣਾ। ਦੂਜਾ ਹਿਸਾ, ਜਿਸ ਨੂੰ ਤਰੁਣਾ ਦਲ ਕਹਿੰਦੇ ਸਨ ਅਤੇ ਜਿਸ ਵਿਚ ਮਾਝੇ

---

† ਮਸਕੀਨ—ਤਹਿਮਾਸ ਨਾਮਾ, ੨੪੭,
ਸ: ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ : ੪੭੩।
ਡਾ: ਗੰਡਾ ਸਿੰਘ—ਜਸਾ ਸਿੰਘ ਆਹਲੂਵਾਲੀਆ, ਸਫ਼ਾ ੧੩੩।


www.AKJ.Org

ਅਤੇ ਰਿਆੜਕੀ ਦੀਆਂ ਇਹ ਪੰਜ ਮਿਸਲਾਂ ਸਨ– ਰਾਮਗੜ੍ਹੀਆ, ਕੱਨ੍ਹਈਆ, ਸ਼ੁਕਰਚੱਕੀਆ, ਭੰਗੀ ਅਤੇ ਨਕਈ–ਇਹ ਸ: ਹਰੀ ਸਿੰਘ ਜੀ ਭੰਗੀ ਦੀ ਕਮਾਨ ਥਲੇ ਸ੍ਰੀ ਅੰਮ੍ਰਿਤਸਰ ਹੀ ਟਿਕਣ ਅਤੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਅਰੰਭ ਕਰਨ। ਸਾਰਾ ਮਲਬਾ ਸਰੋਵਰ ਵਿਚੋਂ ਪੁਟ ਕੇ ਉਸ ਨੂੰ ਸਾਫ ਕਰ ਕੇ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਸ਼ੁਰੂ ਕਰਨ ਅਤੇ ਹੋਰ ਨਾਲ ਸਬੰਧਤ ਇਮਾਰਤਾਂ ਦੀ ਮੁਰੰਮਤ ਆਦਿ ਕਰਨ।

ਇਹ ਸਾਰੀ ਬੇਅਦਬੀ ਤੇ ਬਰਬਾਦੀ ਅਬਦਾਲੀ ਨੇ ਕੀਤੀ ਸੀ।‡ ਹੁਣ ਬੁੱਢਾ ਦਲ ਸ: ਜੱਸਾ ਸਿੰਘ ਜੀ ਦੀ ਕਮਾਨ ਥਲੇ ਨਿਕਲਿਆ ਤੇ ਸਾਰਾ ਦੇਸ਼ (ਪੰਜਾਬ) ਗਾਹ ਸੁਟਿਆ। ਜਿਨ੍ਹਾਂ ਦੁਸ਼ਮਣਾਂ ਨੇ ਵਾਧੇ ਵਧੀਕੀਆਂ ਕੀਤੇ ਸਨ, ਉਹਨਾਂ ਦੀ ਐਸੀ ਬਾਬ ਕੀਤੀ ਕਿ ਤੋਬਾ ਤੋਬ ਪੁਕਾਰ ਉਠੇ। ਕਰੜੇ ਡੰਨ ਦਿਤੇ। ਵੈਰੀਆਂ ਦਾ ਮਾਲ ਅਸਬਾਬ ਅਤੇ ਧਨ ਦੌਲਤ ਲੁਟ ਪੁਟ ਕੇ ਜ਼ਖੀਰੇ ਤੇ ਖਜ਼ਾਨੇ ਭਰ ਲਏ। ਲੋਕਾਂ ਦੇ ਦਿਲਾਂ ਵਿਚ ਐਸੀ ਦਹਿਸ਼ਤ ਬਿਠਾਈ ਕਿ ਕੋਈ ਲਗਦੀ ਵਾਹ ਉਚੀ ਸਾਹ ਨਾ ਕਢੇ। ਇਹ ਸੁਰਮੇ ਵਾਂਗ ਰਗੜਾਈ ਇਸ ਲਈ ਕੀਤੀ ਗਈ ਕਿ ਆਉਣ ਵਾਲੇ ਸਮੇਂ ਵਿਚ ਕੋਈ ਫੇਰ ਖਾਲਸਾ ਜੀ ਦੇ ਮੂਹ ਆਉਣ ਦਾ ਹੀਆ ਨਾ ਕਰੇ। ਇਸ ਨਾਲ ਐਸਾ ਭੈ ਲੋਕਾਂ ਦੇ ਦਿਲ ਉਤੇ ਛਾਇਆ ਕਿ ਫਿਰ ਅਹਿਮਦ ਸ਼ਾਹ ਨੂੰ ਪਹਿਲਾਂ ਵਾਂਗ ਲੋਕਾਂ ਵਲੋਂ ਪੂਰਨ ਸਹਾਇਤਾ ਨਹੀਂ ਮਿਲੀ। ਬਹੁਤੇ ਲੋਕ ਤਾਂ ਅਟੰਕ ਹੋ ਗਏ। ਜੇ ਕਿਸੇ ਨੇ ਕੀਤੀ ਤਾਂ ਖਾਲਸਾ ਜੀ ਦੀ ਹੀ ਤਰਫ-ਦਾਰੀ ਕੀਤੀ।

ਏਸੇ ਹੀ ਸਮੇਂ ਬੁੱਢਾ ਦਲ ਵਾਲੇ ਲਾਹੌਰ ਉਤੇ ਵੀ ਪਏ। ਜਿਨ੍ਹਾਂ ਅਫਗਾਨਾਂ ਅਤੇ ਮੁਸਲਮਾਨਾਂ ਘਲੂਘਾਰੇ ਸਮੇਂ ਅਬਦਾਲੀ ਦੀ ਸਹਾਇਤਾ ਕੀਤੀ ਸੀ ਅਤੇ ਫਿਰ ਗਸ਼ਤੀ ਦਸਤਿਆਂ ਰਾਹੀਂ ਸਿਖ ਫੜਵਾ ਫੜਵਾ ਕੇ ਲਾਹੌਰ ਕਤਲ ਕਰਵਾਏ ਸਨ, ਉਹਨਾਂ ਨੂੰ ਚੁਣ ਚੁਣ ਕੇ ਕਰੜੀਆਂ ਸਜ਼ਾਵਾਂ ਦਿਤੀਆਂ। ਇਸ ਵੇਲੇ ਲਾਹੌਰ ਸ਼ਹਿਰ ਵਿਚ ਕੀ ਬਣੀ, ਜ਼ਰਾ ਫਾਰਸਟਰ ਸਾਹਿਬ ਦੀ ਜ਼ਬਾਨੋਂ ਸੁਣੋ :–

"ਅਹਿਮਦ ਸ਼ਾਹ ਦੇ ਲਾਹੌਰੋਂ ਅਫਗਾਨਿਸਤਾਨ ਵਲ ਕੂਚ ਦੇ ਛੇਤੀ ਪਿਛੋਂ ਸਿਖ ਆਪਣੇ ਆਪਣੇ ਮਜ਼ਬੂਤ ਟਿਕਾਣਿਆਂ ਅਤੇ ਮਲੀਆਂ ਹੋਈਆਂ ਮਲਾਂ ਉਤੋਂ ਉਠ ਕੇ ਕਈਆਂ ਪਾਸਿਆਂ ਤੋਂ ਪੰਜਾਬ ਨੂੰ ਰਾਣ ਸੁਟਣ ਲਈ ਚੜ੍ਹ ਪਏ। ਸਾਰਾ ਪੰਜਾਬ ਗਾਹ ਸੁਟਿਆ ਅਤੇ ਤੁਰੰਤ ਲੁਟ ਪੁਟ ਕੇ ਉਜਾੜ ਕਰ ਦਿਤਾ। ਪਠਾਣਾਂ ਨੇ ਕਈ ਛਪਾ ਛਪ ਤੇ ਬੇ-ਤਰ-ਤੀਬੀਆਂ ਜਿਹੀਆਂ ਲੜਾਈਆਂ ਉਹਨਾਂ ਨਾਲ ਲੜੀਆਂ, ਜਿਨ੍ਹਾਂ ਵਿਚ ਪਠਾਣ ਬੁਰੀ ਤਰ੍ਹਾਂ ਹਾਰੇ। ਸਿੰਘਾਂ ਲਾਹੌਰ ਨੂੰ ਵੀ ਘੇਰ ਲਿਆ ਤੇ ਫਿਰ ਲਾਹੌਰ ਨੂੰ ਵੀ ਲੈ ਲੈਣਾ ਇਕ ਬੜਾ ਵਡਾ ਕਾਰਨਾਮਾ ਜਾਪਦਾ ਹੈ। ਲਾਹੌਰ ਵਿਚ ਆਪਣੇ ਵੈਰੀਆਂ ਤੋਂ, ਜਿਨ੍ਹਾਂ ਸਿੰਘਾਂ ਤੇ ਵੈਰ ਭਾਵਨਾ ਨਾਲ ਜ਼ੁਲਮ ਅਤੇ ਅਤਿਆਚਾਰ ਕੀਤੇ ਸਨ, ਗਿਣ ਗਿਣ ਕੇ ਬਦਲੇ ਲਏ ਤੇ ਉਨ੍ਹਾਂ ਦੀ (ਮੁਸਲਮਾਨਾਂ ਦੀ) ਬੁਰੀ ਬਾਬ ਕੀਤੀ। ਜਿਹੜੀਆਂ ਮਸਜਦਾਂ ਮੁੜ ਉਸਾਰੀਆਂ ਗਈਆਂ ਸਨ ਜਾਂ ਜਿਨ੍ਹਾਂ ਵਿਚ ਮੁਸਲਮਾਨਾਂ ਨਮਾਜ਼ਾਂ ਪੜ੍ਹਨੀਆਂ ਸ਼ੁਰੂ ਕਰ ਦਿਤੀਆਂ ਸਨ, ਉਨ੍ਹਾਂ ਨੂੰ ਢਾਹ ਕੇ ਮਲਬਾ ਕਰ ਸੁਟਿਆ। ਅਫਗ਼ਾਨਾਂ ਨੂੰ ਜ਼ੰਜੀਰਾਂ ਵਿਚ ਜਕੜ ਕੇ ਉਨ੍ਹਾਂ ਤੋਂ ਮਸੀਤਾਂ ਦੀਆਂ ਬੁਨਿਆਦਾਂ ਉਖੜਵਾਈਆਂ ਗਈਆਂ ਤੇ ਉਨ੍ਹਾਂ ਦੇ ਹੱਥੋਂ ਸੂਰ ਵਢਾ ਵਢਾ ਕੇ ਵਿਚ ਪਵਾਏ ਤੇ ਉਹਨਾਂ ਦੇ ਲਹੂ ਨਾਲ ਫਰਸ਼ ਆਦਿ ਧੁਆਏ। ਫਿਰ ਇਨ੍ਹਾਂ ਪਠਾਣਾਂ ਨੂੰ ਨੇਜ਼ਿਆਂ ਅੱਗੇ ਲਾ ਕੇ ਇਨ੍ਹਾਂ ਤੋਂ ਪਵਿੱਤਰ ਸਰੋਵਰ ਦੀ ਕਾਰ-ਸੇਵਾ ਕਰਵਾਈ, ਜਿਸ ਨੂੰ ਇਨ੍ਹਾਂ ਪਿਛਲੇ ਸਾਲ ਮੁੰਦ ਦਿਤਾ ਸੀ। ਸਿਖਾਂ ਨੂੰ ਭਾਵੇਂ ਬੜਾ ਸਖਤ ਗੁੱਸਾ ਸੀ, ਪਰ ਉਨ੍ਹਾਂ ਨੇ ਆਪਣੇ ਗੁੱਸੇ ਤੇ ਜਜ਼ਬੇ ਨੂੰ ਕਾਬੂ ਵਿਚ ਰਖਿਆ ਅਤੇ ਭਾਵੇਂ ਅਫਗਾਨਾਂ ਵਲੋਂ ਵਰਤਾਏ ਗਏ ਘਲੂਘਾਰੇ ਅਤੇ ਹੋਰ ਕਈ

(ਬਾਕੀ ਦੇਖੋ ਸਫਾ ੨੫ ਦੇ ਹੇਠ)

‡ ਤਹਿਮਾਸ ਨਾਮਾ–ਮਸਕੀਨ, ੧੧੩ ੳ।
ਉਮਦਤ-ਉਤ-ਤਵਾਰੀਖ, ਜਿਲਦ ਪਹਿਲੀ, ਸਫਾ ੧੬੦।



www.AKJ.Org

# ਜੀਵਨ ਕਥਾ ਗੁਰੂ ਅਮਰਦਾਸ ਜੀ (੨)

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

## *ਨਿਥਾਵੇ ਕਉ ਗੁਰਿ ਦੀਨੋ ਥਾਨੁ*

ਸੇਵਾ ਤੇ ਸਿਮਰਨ ਸ੍ਰੀ ਅਮਰਦਾਸ ਜੀ ਦਾ ਜੀਵਨ-ਆਧਾਰ ਬਣ ਚੁਕੇ ਸਨ। ਪਹਿਰ ਰਾਤ ਰਹਿੰਦੀ ਘੜੀ ਤੋਂ ਪਹਿਲਾਂ ਆਪਣੇ ਆਪ ਹੀ ਜਾਗ ਉਘੜ ਜਾਂਦੀ। ਗੁਰੂ ਗੁਰੂ ਜਪਦੇ ਤੁਰਤ ਫੁਰਤ ਉਠ ਖਲੋਂਦੇ। ਗਾਗਰ, ਜੋ ਰਾਤ ਨੂੰ ਹੀ ਕੋਲ ਰੱਖ ਲਈ ਜਾਂਦੀ ਸੀ, ਸੰਭਾਲ ਕੇ ਦਰਿਆ ਦੀ ਰਾਹ ਪੈਂਦੇ।

ਇਕ ਦਿਨ ਭਾਵੀ ਪਰਮੇਸ਼ਰ ਦੀ ਅਜਿਹੀ ਹੋਈ ਕਿ ਮੀਂਹ ਝੱਖੜ ਚਲ ਰਿਹਾ ਸੀ। ਮੀਂਹ ਝੱਖੜ ਦਾ ਹਊਆ ਉਹਨਾਂ ਦੇ ਮਨ ਤੇ ਅਸਰ ਕਰ ਸਕਦਾ ਹੈ, ਜੋ ਦੁਚਿਤੀ ਵਿਚ ਫਸੇ ਹੋਣ। ਭਾਵ ਅਜਿਹੇ ਵਿਅਕਤੀ ਜਿਨ੍ਹਾਂ ਨੇ ਜੀਵਨ ਦਾ ਕੋਈ ਨਿਸ਼ਾਨਾ ਨਾ ਮਿਥਿਆ ਹੋਵੇ ਤੇ ਕੋਈ ਉਚੀ ਲਗਨ ਨਾ ਹੋਵੇ। ਪਰ ਰਜ਼ਾ ਦੇ ਰਹੱਸ ਨੂੰ ਸਮਝਣ ਵਾਲੇ ਮਰਜੀਵੜੇ ਮਨੁੱਖਾਂ ਨੂੰ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਰਜ਼ਾਈ-ਪ੍ਰਭੂ ਦੀ ਰਜ਼ਾ ਵਿਚ ਧੁਰੋਂ ਸੌਂਪੀ ਕਾਰ ਕਰਦੀਆਂ ਜਾਪਦੀਆਂ ਹਨ :—

ਭੈ ਵਿਚਿ ਇੰਦ੍ਰੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ। ੧॥(੪)
ਆਸਾ ਦੀ ਵਾਰ, ਪੰਨਾ ੪੬੪

ਅਤੇ- ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੨੪।
[ਸੂਹੀ ਮ: ੪, ਪੰਨਾ ੭੫੭

ਇਹ ਬੱਦਲ ਤੇ ਝੱਖੜ ਹੁਕਮੀ ਬੰਦਿਆਂ ਦੀ ਨਿਤ-ਕਿਰਿਆ ਵਿਚ ਵਿਘਨਕਾਰੀ ਨਹੀਂ ਹੁੰਦੇ, ਸਗੋਂ ਉਹਨਾਂ ਨੂੰ ਜੀਵਨ ਕਾਰ ਵਿਚ ਤੱਤਪਰ ਰਹਿਣ ਲਈ ਉਤਸ਼ਾਹਤ ਕਰਦੇ ਹਨ। ਉਹਨਾਂ ਨੂੰ ਅਜਿਹੇ ਬਿਖਮ ਸਮਿਆਂ ਤੇ ਨੇਮ ਨਿਬਾਹੁਣ ਦਾ ਚਾਅ ਚੜ੍ਹਦਾ ਹੈ। ਸ੍ਰੀ ਅਮਰਦਾਸ ਜੀ ਕਈ ਅਜਿਹੇ ਝੱਖੜ

---

(ਸਫਾ ੨੪ ਦੀ ਬਾਕੀ)

ਦਿਤੇ ਗਏ ਦੁਖਾਂ ਦਾ ਉਨ੍ਹਾਂ ਦੇ ਮਨਾਂ ਉਤੇ ਜ਼ਰੂਰ ਬੜਾ ਡੂੰਘਾ ਅਸਰ ਪਿਆ ਹੋਣਾ ਹੈ, ਪਰ ਕਿਹਾ ਜਾਂਦਾ ਹੈ ਕਿ ਇਨ੍ਹਾਂ (ਸਿਘਾਂ) ਨੇ ਇਕ ਵੀ ਅਫ਼ਗਾਨ-ਕੈਦੀ ਨੂੰ ਬੇਦਰਦੀ ਨਾਲ ਕਤਲ ਨਹੀਂ ਕੀਤਾ।''†

ਇਸ ਸਾਰੇ ਦੀ ਪੁਸ਼ਟੀ ਕਰਦਾ ਹੋਇਆ ਇਕ ਮੁਸਲਮਾਨ ਇਤਿਹਾਸਕਾਰ ਵੀ ਇਸ ਤਰ੍ਹਾਂ ਲਿਖਦਾ ਹੈ :—''ਜਦ ਬਲੰਦ ਮਰਤਬਾ ਬਾਦਸ਼ਾਹ ਵਾਪਸ ਪਰਤਿਆ ਤਾਂ ਇਹ ਚੜ੍ਹਦੀ ਕਲਾ ਵਾਲਾ ਫ਼ਿਰਕਾ ਆਪਣੇ ਜੰਗਲੀ ਅਤੇ ਪਹਾੜੀ ਟਿਕਾਣਿਆਂ ਤੋਂ ਨਿਕਲ ਆਇਆ। ਮੁਸਲਮਾਨਾਂ ਦੀਆਂ ਜਾਇਦਾਦਾਂ ਅਤੇ ਮਾਲ ਅਸਬਾਬ ਇਨ੍ਹਾਂ ਤੁਰੰਤ ਲੁਟ ਪੁਟ ਲਏ। ਮਸਜਿਦਾਂ ਤੇ ਖ਼ਾਨਗਾਹਾਂ ਨੂੰ ਆਪਣੇ ਘੋੜਿਆਂ ਵਾਸਤੇ ਤਬੇਲੇ ਬਣਾ ਲਿਆ। ਮੁਸਲਮਾਨੀ ਧਰਮ ਦੀਆਂ ਰਹੁਰੀਤਾਂ, ਮਿਸਾਲ ਵਜੋਂ 'ਬਾਂਗ' ਦਾ ਦੇਣਾ ਨੂੰ ਬਿਲਕੁਲ ਮੁਸਲਮਾਨ ਪਿੰਡਾਂ ਵਿਚ ਬੰਦ ਕਰ ਦਿਤਾ। ਮੁਸਲਮਾਨਾਂ ਉਤੇ ਬੜੀ ਸਖਤੀ ਹੋਣ ਲਗੀ ਅਤੇ ਤਸੀਹੇ ਦਿਤੇ ਜਾਣ ਲਗੇ।''‡ (ਚਲਦਾ)

† ਫਾਰਸਟਰ ਸਾਹਿਬ—ਏ ਜਰਨੀ ਫ੍ਰਾਮ ਬੰਗਾਲ ਟੂ ਇੰਗਲੈਂਡ, ਜਿਲਦ ੧, ੨੭੯

‡ ਅਹਿਮਦ ਯਾਦਗਾਰ--
ਤਾਰੀਖ-ਏ-ਸਲਾਤੀਨ-ਏ-ਅਫਗਾਨਾਂ, ੧੭੩।



www.AKJ.Org

ਪਹਿਲਾਂ ਝਾਗ ਚੁਕੇ ਸਨ। ਉਹਨਾ ਦਾ ਚਿਤ ਪਰਬਤ ਵਰਗਾ ਅਡੋਲ ਸੀ। ਗਾਗਰ ਲੈ ਕੇ ਚੱਲ ਪਏ। ਗਾਗਰ ਭਰ ਕੇ ਮੁੜਦੇ ਹੋਏ ਗੁਰਬਾਣੀ ਗਾਉਂਦੇ ਮਸਤ ਚਾਲ ਚਲਦੇ ਆ ਰਹੇ ਸਨ ਕਿ ਚਿੱਕੜ ਖੋਭੇ ਦੇ ਕਾਰਨ ਰਸਤੇ ਤੋਂ ਜ਼ਰਾ ਲਾਂਭੇ ਹੋ ਗਏ ਤੇ ਕਾਸੇ ਨਾਲ ਠੇਡਾ ਖਾ ਕੇ ਟੋਏ ਜਿਹੇ ਵਿਚ ਡਿੱਗ ਪਏ। ਡਿਗਦਿਆਂ ਡਿਗਦਿਆਂ ਸਰੀਰ ਨੂੰ ਸੱਟ ਲੱਗਣ ਦੀ ਪਰਵਾਹ ਨਾ ਕੀਤੀ, ਪਰ ਗਾਗਰ ਨੂੰ ਪੱਕੀ ਤਰ੍ਹਾਂ ਹੱਥ ਪਾਈ ਰਖਿਆ, ਤਾਂ ਜੁ ਕਿਧਰੇ ਪਾਣੀ ਨਾ ਡੁਲ੍ਹ ਜਾਵੇ। ਬਿਜਲੀ ਦੀ ਲਿਸ਼ਕ ਵਿਚ ਪਤਾ ਲੱਗਾ ਕਿ ਆਪ ਜੁਲਾਹੇ ਦੀ ਖੱਡੀ ਵਿਚ ਡਿੱਗੇ ਪਏ ਹਨ।

ਆਪ ਦੇ ਡਿੱਗਣ ਨਾਲ ਕਾਫ਼ੀ ਖੜਾਕ ਹੋਇਆ, ਜਿਸ ਕਾਰਨ ਜੁਲਾਹੇ ਦੀ ਜਾਗ ਉੱਘੜ ਗਈ ਤੇ ਉਸ ਨੇ ਉਚੀ ਹਾਕ ਦਿੱਤੀ, 'ਕਿਹੜਾ ਹੈ ਬਾਹਰ ਐਸ ਵੇਲੇ?" ਲਾਗੇ ਸੁੱਤੀ ਜੁਲਾਹੀ ਮਲਕੜੇ ਹੀ ਬੋਲ ਉੱਠੀ, "ਹੋਰ ਇਸ ਵੇਲੇ ਕੀਹ ਨੇ ਹੋਣਾ ਏਂ? ਹੋਏਗਾ ਅਮਰੂ ਨਿਥਾਵਾਂ, ਜੀਹਨੂੰ ਘਰ ਬਾਹਰ ਕੋਈ ਨਹੀਂ ਝਲਦਾ; ਬੁੱਢੇ ਵਾਰੇ ਐਵੇਂ ਭਟਕਦਾ ਫਿਰਦਾ ਏ।" ਗਾਗਰ ਸੰਭਾਲ ਕੇ ਉਠਦਿਆਂ ਆਪ ਜੀ ਨੇ ਜੁਲਾਹੀ ਦੇ ਬੋਲ ਸੁਣੇ ਤੇ ਸਹਿਜ ਸੁਭਾਏ ਹੀ ਬਚਨ ਕੀਤਾ, "ਕਿਉਂ ਕਮਲੀ ਹੋ ਗਈ ਏਂ? ਅਮਰੂ ਨਿਥਾਵਾਂ ਕਿਵੇਂ ਹੈ? ਅਮਰੂ ਨੂੰ ਵਡੇ ਭਾਗਾਂ ਨਾਲ ਦੋ ਜਹਾਨ ਦੇ ਵਾਲੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਵਨ ਚਰਨ-ਕਮਲਾਂ ਵਿਚ ਥਾਂ ਮਿਲੀ ਹੋਈ ਹੈ।"

ਏਨਾ ਆਖ ਕੇ ਆਪ ਚੱਲ ਪਏ, ਜਾ ਇਸ਼ਨਾਨ ਕਰਵਾਇਆ, ਬਸਤਰ ਸਾਫ਼ ਕੀਤੇ ਅਤੇ ਨਿੱਤ ਕਰਮ ਅਨੁਸਾਰ ਸਤਸੰਗ ਵਿਚ ਜਾ ਜੁੜੇ।

ਦੀਵਾਨ ਦੀ ਸਮਾਪਤੀ ਹੋਈ ਤਾਂ ਜੁਲਾਹਾ ਆਪਣੀ ਘਰ ਵਾਲੀ ਨੂੰ ਲੈ ਕੇ ਆਣ ਹਾਜ਼ਰ ਹੋਇਆ। ਬੇਨਤੀ ਕੀਤੀ, "ਪਾਤਸ਼ਾਹ! ਮੇਰੀ ਘਰ ਵਾਲੀ ਕੋਲੋਂ ਅਵੱਗਿਆ ਹੋ ਗਈ ਹੈ। ਆਪ ਜੀ ਦੀ ਅਤੇ ਆਪ ਜੀ ਦੇ ਸੱਚੇ ਸੇਵਕ ਭਾਈ ਅਮਰਦਾਸ ਦੀ ਸ਼ਾਨ ਵਿਚ ਕੁਬੋਲ ਬੋਲੇ ਗਏ ਹਨ।" ਸਵੇਰ ਦੀ ਵਰਤੀ ਸਾਰੀ ਵਾਰਤਾ ਆਖ ਸੁਣਾਈ ਤੇ ਰੋਂਦਿਆਂ ਹੋਇਆਂ ਕਿਹਾ ਕਿ ਬਾਬਾ ਅਮਰਦਾਸ ਦੇ ਉਸ ਨੂੰ ਕਮਲੀ ਆਖਣ ਦੀ ਦੇਰ ਸੀ ਕਿ ਉਹ ਕਮਲੀ ਹੋ ਗਈ। ਉਸ ਵੇਲੇ ਦੀ ਊਲ ਜਲੂਲ ਬੋਲੀ ਜਾਂਦੀ ਹੈ, ਉਸ ਨੂੰ ਸਰਾਪ ਲੱਗ ਗਿਆ ਹੈ। ਉਸ ਨੂੰ ਬਖਸ਼ ਲਵੋ ਤੇ ਮਿਹਰ ਦੀ ਨਜ਼ਰ ਕਰ ਕੇ ਠੀਕ ਕਰੋ।

ਸਤਿਗੁਰਾਂ ਨੇ ਸ੍ਰੀ ਅਮਰਦਾਸ ਜੀ ਨੂੰ ਬੁਲਾਇਆ ਤੇ ਸਾਰੀ ਵਿੱਥਿਆ ਪੁਛੀ। ਸ੍ਰੀ ਅਮਰਦਾਸ ਜੀ ਨੇ ਬੜੀ ਅਧੀਨਗੀ ਵਿਚ ਬੇਨਤੀ ਕੀਤੀ, "ਪਾਤਸ਼ਾਹ! ਮੈਂ ਸਰਾਪ ਤਾਂ ਕੋਈ ਨਹੀਂ ਦਿੱਤਾ। ਇਸ ਦੇ ਬੋਲ ਸੁਣ ਕੇ ਮੈਨੂੰ ਇਸ ਦੀ ਕਮਲੀ ਗੱਲ ਤੇ ਕਿਆਸ ਆਇਆ ਕਿ ਏਥੇ ਨਿਕਟ ਵਸਦੀ ਇਸ ਬਪੁੜੀ ਨੂੰ ਗੁਰੂ-ਦਰਬਾਰ ਦੀ ਵਡਿਆਈ ਦੀ ਮੂਲੋਂ ਕਦਰ ਨਹੀਂ। ਇਸ ਪਾਵਨ ਦਰਬਾਰ ਵਿਚ ਹਾਜ਼ਰ ਹੋਣ ਤੋਂ ਪਹਿਲਾਂ ਅਮਰੂ ਜ਼ਰੂਰ ਨਿਥਾਵਾਂ ਸੀ, ਪਰ ਹੁਣ ਜਦੋਂ ਆਪ ਜੀ ਦੀ ਮਿਹਰ ਸਦਕਾ ਗੁਰੂ-ਦਰਬਾਰ ਵਿਚ ਥਾਂ ਮਿਲੀ ਹੈ, ਆਪ ਜੀ ਦੇ ਚਰਨ-ਕਮਲਾਂ ਦਾ ਆਸਰਾ ਮਿਲਿਆ ਹੈ, ਤਾਂ ਅਮਰੂ ਨਿਥਾਵਾਂ ਕਿਵੇਂ ਰਹਿ ਗਿਆ ਹੈ? ਅਮਰੂ ਨੂੰ ਤਾਂ ਆਪ ਜੀ ਦੇ ਦਰਬਾਰ ਦੀ ਹਾਜ਼ਰੀ ਮਿਲਣੀ ਦੀਨ ਦੁਨੀਆ ਦੀ ਪਾਤਸ਼ਾਹੀ ਮਿਲਣ ਤੁਲ ਹੈ ਅਤੇ ਆਪ ਜੀ ਦਾ ਦਰਬਾਰ ਅਚੱਲ ਤੇ ਅਟੱਲ ਅਸਥਾਨ ਹੈ। ਆਪ ਜੀ ਮਿਹਰ ਕਰੋ। ਆਪਣੀ ਵਡਿਆਈ ਵਿਚ ਇਸ ਬਪੁੜੀ ਦੀ ਅਵੱਗਿਆ ਬਖਸ਼ੋ ਅਤੇ ਨਾਲ ਹੀ ਆਪਣੇ ਦਰ ਘਰ ਦੀ ਸੋਝੀ ਬਖ਼ਸ਼ੋ!

ਅੰਤਰਜਾਮੀ ਸਤਿਗੁਰੂ ਜਾਣਦੇ ਸਨ ਕਿ ਸ੍ਰੀ ਅਮਰਦਾਸ ਜੀ ਦੇ ਸਹਿਜ ਸੁਭਾ ਕਹੇ ਬਚਨ ਸਿੱਧ ਹੋ ਗਏ ਹਨ, ਕਿਉਂਕਿ ਉਨ੍ਹਾਂ ਨੇ ਆਪਣਾ ਆਪਾ ਪਰਮ-ਆਪੇ ਵਿਚ ਲੀਨ ਕਰ ਦਿਤਾ ਹੋਇਆ ਹੈ। ਆਪ ਜੀ ਨੇ ਜੁਲਾਹੀ ਤੇ ਮਿਹਰ ਦੀ ਨਜ਼ਰ ਕੀਤੀ, ਉਹ ਨੌ-ਬਰ-ਨੌ ਹੋ ਗਈ ਸ੍ਰੀ ਅਮਰਦਾਸ ਜੀ ਦੀ ਦਾਸਤ ਭਾਵਨਾ ਤੇ ਤਰੁੱਠ ਕੇ ਆਪ ਜੀ ਨੂੰ ਵਰ ਬਖਸ਼ੇ :—

ਅਮਰਦਾਸ ਨਿਮਾਣਿਆਂ ਦਾ ਮਾਣ!



www.AKJ.Org

ਅਮਰਦਾਸ ਨਿਤਾਣਿਆਂ ਦਾ ਤਾਣ !
ਅਮਰਦਾਸ ਨਿਥਾਵਿਆਂ ਦਾ ਥਾਂਵ !
ਅਮਰਦਾਸ ਨਿਓਟਿਆਂ ਦੀ ਓਟ !
ਅਮਰਦਾਸ ਨਿਆਸਰਿਆਂ ਦਾ ਆਸਰਾ !
ਅਮਰਦਾਸ ਨਿਧਿਰਿਆਂ ਦੀ ਧਿਰ ! ਆਦਿ......

ਅਤੇ ਬਚਨ ਕੀਤਾ, ਪੁਰਖਾ ! ਤੇਰੀ ਘਾਲ ਥਾਂਇ ਪਈ ! ਤੂੰ ਪਰਵਾਣੁ ਹੋਇਓਂ !! ਤੇਰੀ ਸਿੱਖੀ ਧੰਨ !!!

ਸ੍ਰੀ ਅਮਰਦਾਸ ਜੀ ਆਪ ਜੀ ਦੇ ਚਰਨਾਂ ਨਾਲ ਲਿਪਟ ਗਏ। ਮੂੰਹੋਂ ਉੱਚੀ ਉੱਚੀ ਬੋਲ ਉੱਠੇ :—

ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥
ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥੨॥੫॥
ਸੋਰਠਿ ਮ: ੧, ਪੰਨਾ ੫੯੭

## ਗੁਰੂ ਕਾ ਲੰਗਰ

ਗੁਰੂ ਅੰਗਦ ਦੇਵ ਜੀ ਨੇ ਜਗਿਆਸੂਆਂ ਦੇ ਮਨ ਦੀ ਤ੍ਰਿਪਤੀ ਹਿਤ ਗੁਰ-ਸ਼ਬਦ ਦਾ ਲੰਗਰ ਲਾਇਆ ਹੋਇਆ ਸੀ। ਜਿਹੜੇ ਵਡਭਾਗੇ ਮਨੁੱਖ ਸਤਿਗੁਰਾਂ ਦੀ ਸ਼ਰਨ ਵਿਚ ਹਾਜ਼ਰ ਹੁੰਦੇ, ਗੁਰ-ਦੀਖਿਆ ਪ੍ਰਾਪਤ ਕਰ ਕੇ ਜੀ ਉਠਦੇ। ਖਡੂਰ ਵਿਚ ਸਤਸੰਗੀ ਗੁਰਸਿੱਖਾਂ ਦੀ ਗਹਿਮਾ ਗਹਿਮ ਲੱਗੀ ਰਹਿੰਦੀ।

ਬਾਹਰੋਂ ਆਏ, ਗੁਰੂ ਦੇ ਸਿੱਖ-ਪੁੱਤਰਾਂ ਦੀ ਸਾਰ-ਸੰਭਾਲ ਲਈ ਗੁਰੂ ਕੇ ਮਹਿਲ ਮਾਤਾ ਖੀਵੀ ਜੀ ਨੇ ਅੰਨ ਧਨ ਦਾ ਲੰਗਰ ਲਾਇਆ ਹੋਇਆ ਸੀ। ਗੁਰੂ ਦਰ ਦੇ ਢਾਢੀ ਸ੍ਰੀ ਬਲਵੰਡ ਜੀ ਆਪਣੀ ਰਚੀ ਵਾਰ ਵਿਚ ਇਸ ਦੀ ਸਾਖ ਭਰਦੇ ਹਨ :—

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥੩॥ ਪੰਨਾ ੯੬੭

ਸ੍ਰੀ ਮਾਤਾ ਖੀਵੀ ਜੀ ਬਹੁਤਾ ਸਮਾਂ ਲੰਗਰ ਵਿਚ ਹੀ ਬਤੀਤ ਕਰਦੇ ਤੇ ਆਪਣੀ ਪਦਵੀ ਦਾ ਮਾਣ ਛੱਡ ਕੇ ਆਪ ਹੱਥੀਂ ਸੇਵਾ ਕਰਦੇ। ਆਪ ਵਲੋਂ ਅੰਨ ਪਕਾਣ ਵਿਚ, ਜੂਠੇ ਭਾਂਡੇ ਮਾਂਜਣ ਵਿਚ, ਚੁਲ੍ਹ ਝੋਕਣ ਵਿਚ, ਤਪੜ ਵਿਛਾਉਣ ਵਿਚ ਸੇਵਾ ਕੀਤੀ ਜਾਣ ਨਾਲ ਬਾਕੀ ਸੇਵਾਦਾਰਾਂ ਨੂੰ ਉਤਸ਼ਾਹ ਮਿਲਦਾ।

ਹਰੇਕ ਸੇਵਾਦਾਰ ਨੂੰ ਸੇਵਾ ਦਾ ਚਾਅ ਚੜ੍ਹਿਆ ਰਹਿੰਦਾ। ਲੰਗਰ ਦਿਨ ਰਾਤ ਚਾਲੂ ਰਹਿੰਦਾ ਸੀ। ਸਿਫ਼ਤ ਇਹ ਕਿ ਲੰਗਰ ਦੇ ਸਾਰੇ ਸੇਵਾਦਾਰ ਜਿਥੇ ਸੇਵਾ ਦੇ ਪੁੰਜ ਸਨ, ਉਥੇ ਬਾਣੀ ਦੇ ਰਸੀਏ ਵੀ ਸਨ। ਪ੍ਰੇਮ ਨਾਲ ਬਾਣੀ ਪੜ੍ਹਦਿਆਂ, ਗੁਰੂ ਗੁਰੂ ਜਪਦਿਆ ਲੰਗਰ ਸਜਾਇਆ ਤੇ ਵਰਤਾਇਆ ਜਾਂਦਾ ਸੀ। ਇਸ ਤਰ੍ਹਾਂ ਨਾਮ ਬਾਣੀ ਦੀ ਪਾਰਸ-ਛੁਹ ਨਾਲ ਲੰਗਰ ਦਾ ਪਕਵਾਨ ਅੰਮ੍ਰਿਤ ਹੋ ਨਿਬੜਦਾ, ਪਰਸ਼ਾਦ ਬਣ ਜਾਂਦਾ। ਜਿਹੜਾ ਮਨੁੱਖ ਲੰਗਰ 'ਚੋਂ ਪਰਸ਼ਾਦ ਛਕਦਾ ਉਸ ਦੇ ਅੰਦਰ ਅਗੰਮੀ-ਰਸ ਦੀ ਝਰਨਾਹਟ ਛਿੜ ਜਾਂਦੀ। ਤਨ ਤੇ ਮਨ ਦੋਹਾਂ ਦੀ ਤ੍ਰਿਪਤੀ ਹੋ ਜਾਂਦੀ। ਸਾਰੇ ਦਿਲੋਂ ਅਨੁਭਵ ਕਰਦੇ ਸਨ ਕਿ ਗੁਰੂ ਕੇ ਲੰਗਰ ਵਿਚ ਕੋਈ ਅਲੌਕਿਕ ਸਵਾਦ ਏ।

ਗੁਰੂ ਕੇ ਲੰਗਰ ਦੀ ਅਰੰਭ-ਕਾਲ ਤੋਂ ਇਹੀ ਮਰਯਾਦਾ ਰਹੀ ਹੈ ਕਿ ਲੰਗਰ ਸਜਾਣ ਦੀ ਸੇਵਾ ਗੁਰ-ਦੀਖਿਅਤ ਹੋਏ ਵਿਅਕਤੀਆਂ ਨੂੰ ਹੀ ਦਿਤੀ ਜਾਂਦੀ, ਜੋ ਨਾਮ ਬਾਣੀ ਦਾ ਉਚਾਰਣ ਕਰਦਿਆਂ ਲੰਗਰ ਸਜਾਂਦੇ ਤੇ ਇਹ ਪਾਰਸ-ਰਸਾਇਣੀ ਗੁਰਬਾਣੀ ਦੀ ਕਲਾ ਲੰਗਰ ਦੇ ਪਕਵਾਨ-ਪਦਾਰਥਾਂ ਵਿਚ ਪਰਵੇਸ਼ ਹੋ ਕੇ ਇਹਨਾਂ ਨੂੰ ਅੰਮ੍ਰਿਤ ਕਰ ਦੇਂਦੀ। ਇਹੋ ਵਿਸ਼ੇਸ਼ਤਾ ਤੇ ਵਿਲੱਖਣਤਾ ਹੈ, ਗੁਰੂ ਕੇ ਲੰਗਰ ਦੀ।

ਬੜੇ ਹੀ ਦੁਖ ਦੀ ਗੱਲ ਹੈ ਕਿ ਗੁਰੂ ਕੇ ਲੰਗਰ ਸਜਾਣ ਅਤੇ ਵਰਤਾਣ ਦੀ ਮਰਯਾਦਾ ਅੱਜ ਕੱਲ੍ਹ ਵਿਗੜ ਚੁੱਕੀ ਹੈ। ਲੰਗਰ ਗੱਪਾਂ ਮਾਰਦਿਆਂ ਸਜਾਇਆ ਜਾਂਦਾ ਹੈ। ਲੰਗਰ ਸਜਾਣ ਅਥਵਾ ਵਰਤਾਣ ਵਿਚ ਖੁੱਲ੍ਹੀ ਖੇਡ ਵਰਤਾਈ ਜਾਂਦੀ ਹੈ। ਕਈ ਨਿਗੁਰੇ ਤੇ ਕਈ ਪਤਿਤ ਪ੍ਰਾਣੀ ਵੀ ਲੰਗਰ ਸਜਾਣ ਅਤੇ ਵਰਤਾਣ ਵਿਚ ਬਿਨਾਂ ਝਿਜਕ ਹਿੱਸਾ ਲੈਂਦੇ ਦੇਖੇ ਜਾਂਦੇ ਹਨ।

ਗੁਰੂ ਕੇ ਲੰਗਰ ਵਿਚੋਂ ਛਕਣ ਦਾ ਹਰ ਪ੍ਰਾਣੀ ਮਾਤਰ ਨੂੰ ਬਗੈਰ ਜ਼ਾਤ ਪਾਤ ਨਸਲ ਆਦਿ ਦੇ


www.AKJ.Org

ਵਿਤਕਰੇ ਦੇ ਹੱਕ ਹੈ, ਪਰ ਲੰਗਰ ਸਜਾਣ ਅਥਵਾ ਵਰਤਾਣ ਆਦਿ ਦਾ ਹੱਕ ਕੇਵਲ ਗੁਰ-ਦੀਖਿਅਤ ਹੋਏ ਗੁਰਮੁਖਾਂ, ਤਿਆਰ ਬਰਤਿਆਰ ਗੁਰਸਿੱਖਾਂ ਨੂੰ ਹੀ ਹੈ। ਇਸ ਸੇਵਾ ਵਿਚ ਨਿਗੁਰਿਆਂ ਨਿਗੁਸਾਇਆਂ ਨੂੰ ਕੋਈ ਥਾਂ ਨਹੀਂ, ਜਿਨ੍ਹਾਂ ਬਾਰੇ ਗੁਰਬਾਣੀ ਦਾ ਨਿਰਣਾ ਹੈ :—

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥

[ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੬-੫੭

ਕਈ ਲਿਖਾਰੀਆਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਪਕਾਏ ਤੇ ਵਰਤਾਏ ਜਾਣ ਬਾਰੇ ਲਿਖਿਆ ਹੈ। ਇਹ ਗੱਲ ਸਿਧਾਂਤ ਅਤੇ ਇਤਿਹਾਸ ਦੋਹਾਂ ਦੀ ਕਸਵੱਟੀ ਉਤੇ ਪੂਰੀ ਨਹੀਂ ਉਤਰਦੀ।

ਇਤਿਹਾਸਕ ਪੱਖ—ਇਤਿਹਾਸ ਦੇ ਪੱਖੋਂ ਸਭ ਤੋਂ ਭਰੋਸੇ ਯੋਗ ਲਿਖਤ ਉਸ ਲਿਖਾਰੀ ਦੀ ਸਮਝੀ ਜਾਂਦੀ ਹੈ ਜੋ ਘਟਨਾ ਦੇ ਨਾਇਕ ਦਾ ਸਮਕਾਲੀ ਹੋਵੇ। ਪਰ ਜੇ ਕੋਈ ਲਿਖਾਰੀ ਘਟਨਾ ਦੇ ਨਾਇਕ ਦਾ ਨਿਕਟ-ਵਰਤੀ ਹੋਵੇ ਤਾਂ ਉਸ ਦੀ ਲਿਖਤ ਦੀ ਸਚਾਈ ਤੋਂ ਮੁਕਰਿਆ ਨਹੀਂ ਜਾ ਸਕਦਾ।

ਭਾਈ ਸੱਤਾ ਜੀ ਅਤੇ ਬਲਵੰਡ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰੀ ਰਬਾਬੀ ਕੀਰਤਨੀਏ ਸਨ, ਜਿਨ੍ਹਾਂ ਦੀ ਬਾਣੀ ਪਰਵਾਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਗਈ। ਆਪ ਜੀ ਨੇ ਜੋ ਕੁਝ ਗੁਰੂ ਪਾਤਸ਼ਾਹ ਜੀ ਦੇ ਲੰਗਰ ਵਿਚ ਬਣਦਾ ਤੇ ਵਰਤਦਾ ਅੱਖੀਂ ਡਿੱਠਾ, ਉਸ ਦਾ ਵੇਰਵਾ ਆਪਣੀ ਰਚੀ ਵਾਰ ਵਿਚ ਦਿਤਾ, ਜੋ ਇਸ ਪ੍ਰਕਾਰ ਹੈ :—

(੧) ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥੨॥ (੯੬੬-੬੭)

(੨) ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥੩॥

[ਰਾਮਕਲੀ ਵਾਰ, ਪੰਨਾ ੯੬੭

(੩) ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥੬॥

ਰਾਮਕਲੀ ਵਾਰ, ਪੰਨਾ ੯੬੮

ਸਿਧਾਂਤਕ ਪੱਖ—ਜਿਥੋਂ ਤੱਕ ਸਿਧਾਂਤ ਦਾ ਸੰਬੰਧ ਹੈ 'ਜੀਅ ਦਇਆ' ਗੁਰਮਤਿ ਦਾ ਪ੍ਰਵਾਣ ਸਿਧਾਂਤ ਹੈ। ਗੁਰ ਫੁਰਮਾਣ ਹੈ :—

ਅਠਸਠਿ ਤੀਰਥ ਸਗਲ ਪੁੰਨ
ਜੀਅ ਦਇਆ ਪਰਵਾਨੁ ॥੧੨॥੧॥

ਬਾਰਹ ਮਾਹਾ ਮਾਝ ਮ: ੫, ਪੰਨਾ ੧੩੬

ਖਾਣ ਲਈ ਜੀਵਾਂ ਦੀ ਹੱਤਿਆ ਕਰਨੀ ਸਿਖ ਧਰਮ ਦੇ ਬੁਨਿਆਦੀ ਸਿਧਾਂਤ ਦੇ ਵਿਰੁਧ ਹੈ। ਇਹ ਬੜਾ ਦੀਰਘ ਤੇ ਵਿਸ਼ਾਲ ਵਿਸ਼ਾ ਹੈ। ਇੱਥੇ ਕੇਵਲ ਟੂਕ ਮਾਤਰ ਉਦਾਹਰਣਾਂ ਗੁਰਬਾਣੀ ਵਿਚੋਂ ਦਿਤੀਆਂ ਜਾਂਦੀਆਂ ਹਨ :—

(੧) ਜੀਅ ਬਧਹੁ ਸੁ ਧਰਮ ਕਰਿ ਥਾਪਹੁ ਅਧਰਮ ਕਹਹੁ ਕਤ ਭਾਈ ॥ ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥੪॥੧॥ [ਮਾਰੂ ਕਬੀਰ,ਪੰ: ੧ ੦੩

(੨) ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥

[ਸਲੋਕ ਕਬੀਰ ਜੀ, ਪੰਨਾ ੧੩੭੭

(੩) ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥੧॥(੩॥੭॥੨੯)

[ਆਸਾ ਕਬੀਰ ਜੀ, ਪੰਨਾ ੪੮੩

ਗੁਰਬਾਣੀ ਦੇ ਉਪ੍ਰੋਕਤ ਪ੍ਰਮਾਣਾਂ ਦਾ ਸਾਰੰਸ ਇਹ ਹੈ ਕਿ ਸੁਆਦ ਹਿਤ ਜੀਵਾਂ ਨੂੰ ਸੰਘਾਰਣਾ ਝਖ ਮਾਰਨ ਦੇ ਤੁਲ ਹੈ, ਕਸਾਈਪੁਣਾ ਹੈ, ਅਧਰਮ ਹੈ, ਇਸ ਨਿੰਦਤ ਕਿਰਿਆ ਕਾਰਨ ਮਨੁਖ ਦੇ ਕੀਤੇ ਕਮਾਏ ਸਾਰੇ ਕਰਮ ਧਰਮ ਨਿਸਫਲ ਜਾਂਦੇ ਹਨ।

ਹੰਸ ਤੇ ਬਗਲਾ ਦੋਵੇਂ ਚਿੱਟੇ ਰੰਗ ਦੇ ਸ਼ਕਲ ਸੂਰਤ ਤੋਂ ਰਲਦੇ ਮਿਲਦੇ ਪੰਛੀ ਹਨ।

ਹੰਸ ਉੱਤਮ ਹੈ।

ਕਿਉਂ ?



www.AKJ.Org

ਹੰਸ ਦੀ ਖ਼ੁਰਾਕ ਉੱਤਮ ਹੈ। (ਹੀਰੇ ਮੋਤੀ)
ਮਾਨ ਸਰੋਵਰ ਹੰਸਲਾ ਖਾਇ ਮਾਣਕ ਮੋਤੀ ॥੬॥
(੨੭) ਵਾਰਾਂ ਭਾਈ ਗੁਰਦਾਸ ਜੀ

ਬਗਲਾ ਨੀਚ ਹੈ।

ਕਿਉਂ ?

ਬਗਲੇ ਦੀ ਖੁਰਾਕ ਨੀਚ ਹੈ। (ਡੱਡਾਂ, ਕਰੰਗ, (ਬਿਖੂ)

ਬਗੁਲਾ ਕਾਗ ਨੀਚ ਕੀ ਸੰਗਤਿ
ਜਾਇ ਕਰੰਗ ਬਿਖੂ ਮੁਖਿ ਲਾਈਐ ॥੪॥੪॥
[ਰਾਮਕਲੀ ਮ: ੪, ਪੰਨਾ ੮੮੧

ਜੇ "ਕਰੰਗ ਬਿਖੂ" ਖਾਣ ਵਾਲਾ ਪੰਛੀ ਨੀਚ ਹੈ ਤਾਂ "ਕਰੰਗ ਬਿਖੂ" ਖਾਣ ਵਾਲਾ ਮਨੁੱਖ ਕਿਵੇਂ ਉਤਮ ਹੋ ਸਕਦਾ ਹੈ ? ਕੋਈ ਨਾਮ ਬਾਣੀ ਦਾ ਰਸੀਆ ਗੁਰੂ ਕਾ ਸਿਖ, ਕਿਵੇਂ "ਕਰੰਗ ਬਿਖੂ" ਖਾ ਕੇ ਅਧੋਗਤੀ ਨੂੰ ਪ੍ਰਾਪਤ ਹੋਣਾ ਕਬੂਲ ਕਰ ਸਕਦਾ ਹੈ ?

ਕਿੱਡੇ ਹਨੇਰ ਦੀ ਗੱਲ ਹੈ ਕਿ ਗੁਰੂ ਘਰ ਦੇ ਵਿਰੋਧੀ ਜਾਂ ਕਿਸੇ ਮਾਸ ਦੇ ਚਸਕੋਰੇ ਲਿਖਾਰੀ ਨੇ ਗੁਰੂ ਕੇ ਲੰਗਰ ਵਿਚ ਮਾਸ ਬਣਾਏ ਜਾਣ ਤੇ ਵਰ-ਤਾਏ ਜਾਣ ਦਾ ਕੁਫਰ ਤੋਲ ਮਾਰਿਆ ਹੈ ਤੇ ਮਗਰੋਂ ਕੁਝ ਲਿਖਾਰੀਆਂ ਨੇ ਇਸ ਨੂੰ ਗੁਰਬਾਣੀ ਦੇ ਸਿਧਾਂਤ ਦੀ ਕਸਵੱਟੀ ਤੇ ਪਰਖਣ ਦੀ ਬਜਾਏ ਐਵੇਂ ਮੱਖੀ ਤੇ ਮੱਖੀ ਮਾਰੀ ਹੋਈ ਹੈ। ਕਈਆਂ ਨੇ ਮਾਸ ਵਰਗੀ ਨਿੰਦਰ ਵਸਤੂ ਨੂੰ 'ਮਹਾਂ ਪ੍ਰਸ਼ਾਦ' ਦੀ ਸੰਗਿਆ ਦੇ ਕੇ ਇਸ ਕੁਰੀਤੀ ਨੂੰ ਸਿਖ ਧਰਮ ਵਿਚ ਪ੍ਰਚਲਤ ਕਰਨ ਦੀ ਕੁਟਲ ਚਾਲ ਖੇਡੀ ਹੈ, ਜਿਵੇਂ ਕਈ ਭੰਗੜ ਪੁਰਸ਼ਾਂ ਨੇ ਭੰਗ ਨੂੰ 'ਸੁਖ ਨਿਧਾਨ' ਦੀ ਸੰਗਿਆ ਦਿਤੀ ਹੋਈ ਹੈ।

ਕੋਈ ਪੁਛੇ ਕਿ ਲੰਗਰ ਵਿਚ ਮਾਸ ਦੀ ਵਰਤੋਂ ਕਦੋਂ ਬੰਦ ਕੀਤੀ ਗਈ ਅਤੇ ਕਿਉਂ ? ਇਹ ਮੰਗਰੋਂ ਜਾ ਕੇ ਬੰਦ ਨਹੀਂ ਹੋਈ। ਸੱਚਾਈ ਇਹ ਹੈ ਕਿ ਲੰਗਰ ਵਿਚ ਮਾਸ ਕਦੀ ਬਣਿਆ ਹੀ ਨਹੀਂ।

## ਸੇਵਾ ਨੂੰ ਮੇਵਾ—

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥ ਸੋ ਸੇਵਕ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ।੧੫॥
[ਆਸਾ ਕੀ ਵਾਰ, ਪੰਨਾ ੪੭੧

ਸੇਵਾ ਕਰਦਿਆਂ ਕਈ ਸਾਲ ਲੰਘ ਗਏ। ਬੜੀ ਕਠਨ ਤੇ ਕਰੜੀ ਘਾਲਣਾ ਸੀ, ਪਰ ਸ੍ਰੀ ਅਮਰਦਾਸ ਜੀ ਬੜੇ ਧੀਰਜ ਨਾਲ ਅਤੇ ਪੂਰਨ ਦ੍ਰਿੜ੍ਹਤਾ ਨਾਲ ਨਿਭਾਈ ਤੁਰੇ ਆ ਰਹੇ ਸਨ। ਨਿਰਾਸਤਾ ਜਾਂ ਢਹਿੰਦੀ ਕਲਾ ਕਦੀ ਆਪ ਜੀ ਦੇ ਨੇੜੇ ਨਾ ਫਟਕੀ। ਚਿਹਰਾ ਹਸੂੰ ਹਸੂੰ ਕਰਦਾ ਸਦਾ ਖਿੜਿਆ ਰਹਿੰਦਾ। ਇਹ ਸਭ ਕੁਝ ਮਨ ਕਰਕੇ ਨਾਮ ਬਾਣੀ ਨਾਲ ਜੁੜੇ ਰਹਿਣ ਦੀ ਤੁਫ਼ੈਲ ਸੀ। ਹੁਣ ਗੁਰੂ ਮਿਹਰ ਸਦਕਾ ਸੇਵਾ ਸਿਮਰਨ ਦੀ ਪਰਤੱਖ ਕਲਾ ਵਰਤਣ ਲੱਗੀ।

ਆਪ ਜੀ ਨੂੰ ਦਿਬ-ਦ੍ਰਿਸਟੀ ਪ੍ਰਾਪਤ ਹੋ ਗਈ। ਰਿਧੀਆਂ ਸਿਧੀਆਂ ਸੇਵਾ ਵਿਚ ਆਣ ਹਾਜ਼ਰ ਹੋਈਆਂ, ਪਰ ਆਪ ਜੀ ਤਾਂ ਨਾਮ ਰਸ ਦੇ ਮਤਵਾਲੇ ਸਨ, ਇਸੇ ਰਸ ਵਿਚ ਲਿਵਲੀਨ ਰਹੇ। ਅਜਰ-ਪਦ ਨੂੰ ਜਰਨ ਲਈ ਸੇਵਾ ਵਿਚ ਹੋਰ ਵਧੇਰੇ ਤੱਤਪਰ ਹੋ ਗਏ। ਸ਼ਬਦ-ਤਾਰ ਵਿਚ ਹਰ ਦਮ ਸੁਰਤ ਨੂੰ ਪਰੋਈ ਰਖਦੇ। ਸਦਾ ਪ੍ਰੇਮ ਨਾਲ ਤੇ ਇਕਾਗਰਤਾ ਵਿਚ ਟਿਕ ਕੇ ਬਾਣੀ ਪੜ੍ਹਦਿਆਂ ਇਉਂ ਪਰਤੀਤ ਕਰਦੇ ਜਿਵੇਂ ਸਤਿਗੁਰਾਂ ਨਾਲ ਪਰਸਪਰ ਬਚਨ ਬਿਲਾਸ ਕਰ ਰਹੇ ਹੋਣ।

ਮਾਤਾ ਖੀਵੀ ਜੀ, ਜੋ ਸੇਵਾ ਸਿਮਰਨ ਵਿਚ ਸਦਾ ਖੀਵੇ ਹੋਏ ਰਹਿੰਦੇ ਸੀ, ਸ੍ਰੀ ਅਮਰਦਾਸ ਜੀ ਦੀ ਕਰੜੀ ਘਾਲਣਾ ਅਤੇ ਵਿਗਾਸ ਵਾਲੀ ਅਵਸਥਾ ਨੂੰ ਨਿਹਾਰ ਨਿਹਾਰ ਕੇ ਬਹੁਤ ਪ੍ਰਸੰਨ ਹੁੰਦੇ ਅਤੇ ਸ੍ਰੀ ਗੁਰੂ ਜੀ ਪਾਸ ਵੀ ਕਈ ਵਾਰੀ ਇਹਨਾ ਦੀ ਗੁਰਮੁਖੀ ਘਾਲ ਕਮਾਈ ਦਾ ਜ਼ਿਕਰ ਕਰਦੇ। ਸੁਣ ਕੇ ਹਜ਼ੂਰ ਬਚਨ ਕਰਿਆ ਕਰਦੇ, "ਭਾਗਾਂ ਵਾਲੀਏ ! ਇਸ ਘਰ ਵਿਚ ਸੇਵਾ ਨੂੰ ਹੀ ਮੇਵਾ ਹੈ। ਅਮਰਦਾਸ ਮੇਰਾ ਪਿਆਰਾ ਸਿੱਖ ਹੈ। ਉਸ ਦੀ ਨਿਸ਼ਕਾਮ ਸੇਵਾ ਪਰਮੇਸ਼ਰ ਦੀ ਦਰਗਾਹੇ ਪਰਵਾਨ ਪਈ ਹੈ।" ਰਮਜ਼-ਸ਼ਨਾਸ ਮਾਤਾ ਖੀਵੀ ਜੀ ਵੀ ਦਿਲੋਂ ਅਨੁਭਵ ਕਰਦੇ ਸਨ ਕਿ ਅਮਰਦਾਸ


www.AKJ.Org

ਹਰ ਪੱਖੋਂ ਸੁਜੋਗ ਸੇਵਾਦਾਰ ਹੈ ਅਤੇ ਵਾਕਿਆ ਈ ਗੁਰੂ-ਪਿਆਰ ਦਾ ਸੁਯੋਗ ਪਾਤਰ ਹੈ।

ਸੰਗਤਾਂ ਵਿਚ ਖੁਲ੍ਹੇ ਤੌਰ ਤੇ ਚਰਚਾ ਹੋਣ ਲੱਗ ਪਈ ਸੀ ਕਿ ਜਿਵੇਂ ਮਨ ਮਾਰ ਕੇ ਤੇ ਆਪਾ ਨਿਵਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ, ਗੁਰਗੱਦੀ ਮਿਲਣ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ ਜੀ) ਨੇ ਕੀਤੀ ਸੀ, ਉਸੇ ਭਾਵਨਾ ਅਨੁਸਾਰ ਸ੍ਰੀ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਵਿਚ, ਆਗਿਆ ਪਾਲਣ ਵਿਚ ਅਤੇ ਭਜਨ ਬੰਦਗੀ ਵਿਚ ਹਿਤੋਂ ਚਿਤੋਂ ਜੁਟੇ ਹੋਏ ਹਨ। ਹੁਣ ਸ੍ਰੀ ਗੁਰੂ ਜੀ ਸ੍ਰੀ ਅਮਰਦਾਸ ਜੀ ਨੂੰ ਆਪਣੇ ਸੰਗ ਸਾਥ ਹੀ ਰਖਦੇ, ਜਦੋਂ ਵੀ ਆਪ ਕਿਧਰੇ ਵਾਂਢੇ ਕਿਸੇ ਪ੍ਰੇਮੀ ਕੋਲ ਜਾਂਦੇ ਜਾਂ ਬਾਹਰ ਫਿਰਨ ਤੁਰਨ ਲਈ ਜਾਂਦੇ, ਸ੍ਰੀ ਅਮਰਦਾਸ ਜੀ ਨੂੰ ਨਾਲ ਲਿਜਾਂਦੇ। ਇਹ ਬਖਸ਼ਿਸ਼ ਉਹਨਾਂ ਦੇ ਗੁਰੂ-ਦਰ ਪਰਵਾਨ ਹੋਣ ਦਾ ਸਪੱਸ਼ਟ ਸੰਕੇਤ ਸੀ। ਜਿਉਂ ਜਿਉਂ ਸਤਿਗੁਰਾਂ ਵਲੋਂ ਪਿਆਰ ਤੇ ਸਤਿਕਾਰ ਮਿਲਦਾ ਗਿਆ, ਸ੍ਰੀ ਅਮਰਦਾਸ ਜੀ ਵਿਚ ਨਿਰਮਾਣਤਾ ਤੇ ਹਲੀਮੀ ਵਧ ਤੋਂ ਵਧੇਰੇ ਹੁੰਦੀ ਗਈ। ਹਰੇਕ ਅੱਗੇ ਨਿਉਂ ਨਿਉਂ ਚਲਦੇ, ਮਿੱਠਾ ਬੋਲਦੇ, ਸਭ ਗੁਰਸਿੱਖਾਂ ਦਾ ਮਨ ਬਚ ਕਰਮ ਕਰਕੇ ਆਦਰ ਸਤਿਕਾਰ ਕਰਦੇ।

ਸ੍ਰੀ ਅਮਰਦਾਸ ਜੀ ਹਰਮਨ ਪਿਆਰੇ ਹੁੰਦੇ ਜਾ ਰਹੇ ਸਨ ਅਤੇ ਉਨ੍ਹਾਂ ਦੀ ਸੋਭਾ ਦਿਨੋ ਦਿਨ ਵਧ ਰਹੀ ਸੀ। ਇਹ ਵੇਖ ਕੇ ਗੁਰੂ ਕੇ ਸਿੱਖ ਸੇਵਕ ਤਾਂ ਖੁਸ਼ ਹੋ ਰਹੇ ਸਨ, ਪਰ ਗੁਰੂ ਜੀ ਦੇ ਪੁੱਤਰ ਸ੍ਰੀ ਦਾਸੂ ਜੀ ਅਤੇ ਸ੍ਰੀ ਦਾਤੂ ਜੀ ਇਸ ਤੋਂ ਖੁਣਸ ਖਾਣ ਲੱਗ ਪਏ। ਉਹਨਾਂ ਨੂੰ ਗੁਰੂ-ਪੁੱਤਰ ਹੋਣ ਦਾ ਮਾਣ ਸੀ। ਉਹਨਾਂ ਨੂੰ ਸਦਾ ਇਹ ਤੌਖਲਾ ਬਣਿਆ ਰਹਿੰਦਾ ਸੀ ਕਿ ਕਿਧਰੇ ਪਿਤਾ-ਗੁਰੂ ਜੀ ਸ੍ਰੀ ਅਮਰਦਾਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਉਹਨਾਂ ਨੂੰ ਗੁਰ-ਗੱਦੀ ਹੀ ਨਾ ਦੇ ਦੇਣ।

ਕਈ ਵਾਰੀ ਗੱਲਾਂ ਗੱਲਾਂ ਵਿਚ ਸ੍ਰੀ ਅਮਰਦਾਸ ਜੀ ਦੀ ਬਦ-ਖ਼ੋਈ ਵੀ ਕਰਦੇ—

"ਦੇਖੋ ਨਾ ਅਮਰਦਾਸ ਦੀ ਰਹਿਣੀ ਸਹਿਣੀ ਕਿੱਡੀ ਗੰਦੀ ਏ। ਜਦੋਂ ਦੇਖੋ ਉਸ ਦੇ ਕਪੜੇ ਸਿਰ ਤੋਂ ਪੈਰਾਂ ਤੱਕ ਪਾਣੀ ਨਾਲ ਗੜੁੱਚ ਰਹਿੰਦੇ ਹਨ। ਲੋਕੀਂ ਆਖਦੇ ਨੇ ਉਸ ਦੇ ਸਿਰ ਵਿਚ ਜੂੰਆਂ ਪੈ ਗਈਆਂ ਹਨ। ਇਹਦੇ ਵਿਚ ਸ਼ੱਕ ਵੀ ਕਾਹਦਾ ਹੈ, ਗਿੱਲੇ ਸਿਰ ਵਿਚ ਜੂੰਆਂ ਪੈ ਜਾਣਾ ਕਿਹੜੀ ਅਨੋਖੀ ਗੱਲ ਏ? ਦੇਖੋ ਕਿੱਡਾ ਲਾ-ਪਰਵਾਹ ਏ, ਘਰ ਦੇ ਟੱਬਰ ਕਬੀਲੇ ਦੀ ਸੁਰਤ ਹੀ ਨਹੀਂ ਲੈਂਦਾ, ਐਵੇਂ ਵਿਹਲੜ ਬਣ ਕੇ ਇੱਥੇ ਲੰਗਰ ਵਿਚ ਖੁਲ੍ਹਾ ਖਾ ਪੀ ਕੇ ਮੌਜਾਂ ਮਾਣ ਰਿਹਾ ਏ। ਬੁੱਢਾ ਕਿੱਡਾ ਚਲਾਕ ਏ, ਮੋਮੋ ਠਗਣਾ ਬਣ ਕੇ ਸਾਰਿਆਂ ਨੂੰ ਖੁਸ਼ ਕਰੀ ਰਖਦੈ।"

ਇਸ ਤਰ੍ਹਾਂ ਆਪਣੇ ਵਲੋਂ ਤਾਂ ਉਹ ਸ੍ਰੀ ਅਮਰ ਦਾਸ ਜੀ ਦੀ ਨਿੰਦਿਆ ਕਰਦੇ ਸਨ, ਪਰ ਇਹ ਗੱਲ ਆਪ ਜੀ ਦੇ ਹੱਕ ਵਿਚ ਜਾਂਦੀ ਸੀ। ਗੁਰੂ ਪਾਤਸ਼ਾਹ ਅਤੇ ਮਾਤਾ ਖੀਵੀ ਜੀ ਸਮਝਦੇ ਸਨ ਕਿ ਆਪਾ ਵਾਰ ਕੇ ਹੀ ਕੋਈ ਸੱਚਾ ਸੇਵਕ ਬਣ ਸਕਦਾ ਹੈ ਤੇ ਸ੍ਰੀ ਅਮਰਦਾਸ ਵਿਚ ਸੱਚੇ ਸੇਵਕ ਵਾਲੇ ਸਾਰੇ ਗੁਣ ਹਨ। ਮਾਤਾ ਖੀਵੀ ਜੀ ਪੁੱਤਰਾਂ ਨੂੰ ਸਮੇਂ ਸਮੇਂ ਖ਼ਬਰਦਾਰ ਕਰਦੇ ਰਹਿੰਦੇ ਸਨ ਕਿ ਗੁਰੂ ਨੂੰ ਹਮੇਸ਼ਾ ਉਹੀ ਵਿਅਕਤੀ ਪਿਆਰਾ ਲਗਦਾ ਹੈ, ਜਿਹੜਾ ਗੁਰੂ ਦੀ ਰਜ਼ਾ ਵਿਚ ਚੱਲੇ, ਸੁਆਸ ਸੁਆਸ ਸਿਮਰਨ ਕਰੇ, ਗੁਰਸਿੱਖਾਂ ਦੀ ਸੇਵਾ ਕਰੇ ਅਤੇ ਆਪਾ ਭਾਵ ਮਿਟਾ ਕੇ ਨਿਮਰਤਾ ਵਿਚ ਰਵ੍ਹੇ। ਕਈ ਵਾਰੀ ਸਪੱਸ਼ਟ ਸ਼ਬਦਾਂ ਵਿਚ ਵੀ ਸਮਝਾਉਂਦੇ ਰਹਿੰਦੇ ਕਿ ਗੁਰੂ ਘਰ ਦੀ ਮਰਯਾਦਾ ਚਲੀ ਆ ਰਹੀ ਹੈ ਕਿ ਗੁਰੂ-ਗੱਦੀ ਖ਼ਾਨਦਾਨੀ ਵਿਰਾਸਤ ਨਹੀਂ। ਇਹ ਧੁਰ ਦੀ ਬਖਸ਼ਿਸ਼ ਹੈ ਅਤੇ ਅਜ਼ਲੀ ਹੁਕਮ ਵਿਚ ਸੱਚੇ ਸੇਵਕ ਨੂੰ ਸੌਂਪੇ ਜਾਣ ਦਾ ਹੀ ਵਿਧਾਨ ਹੈ।

ਬਾਰ ਬਾਰ ਸਮਝਾਵਣ ਦੇ ਬਾਵਜੂਦ ਬਾਬਾ ਦਾਤੂ ਜੀ ਅਤੇ ਦਾਸੂ ਜੀ ਦੇ ਮਨ ਵਿਚ ਗੁਰੂ-ਪੁਤਰ ਹੋਣ ਦੇ ਗੌਰਵ ਦੀ ਬਜਾਏ ਹੰਕਾਰ ਹੀ ਰਿਹਾ ਤੇ ਹਉਂ ਵਾਲੀ ਬਿਰਤੀ ਕਾਰਨ ਅੰਦਰੇ ਅੰਦਰ ਦੁਖੀ ਹੁੰਦੇ ਰਹੇ।

[ਚਲਦਾ]



www.AKJ.org

# ਸਿੰਘਾਂ ਨੂੰ ਚਿਨੌਤੀ

ਆਹ ਵੇਖੋ ! ਫਿਰ ਸਿਖਾਂ ਨਾਲ ਵਧੀਕੀਆਂ ਕਰ ਕੇ ਸਿਖੀ ਨੂੰ ਢਾਹ ਲਾਉਣ ਦੇ ਯਤਨ ਪੁਰਜ਼ੋਰ ਹੋ ਰਹੇ ਹਨ। ਤਕਰੀਬਨ ਸਾਰੇ ਹਵਾਈ ਅੱਡਿਆਂ ਤੇ ਸਿੰਘਾਂ ਨੂੰ ਕਿਰਪਾਨ ਪਹਿਨ ਕੇ ਸਫਰ ਕਰਨ ਤੋਂ ਰੋਕਿਆ ਜਾਂਦਾ ਹੈ ਤੇ ਮਜਬੂਰ ਕੀਤਾ ਜਾਂਦਾ ਹੈ ਕਿ ਗਾਤਰੇ ਵਿਚੋਂ ਕਿਰਪਾਨ ਕਢ ਕੇ ਹਵਾਈ ਜਹਾਜ਼ ਦੇ ਕਰਮਚਾਰੀਆਂ ਨੂੰ ਦਿਤੀ ਜਾਵੇ, ਕਿਉਂਕਿ ਇਹ ਇੰਟਰਨੈਸ਼ਨਲ ਕਾਨੂੰਨ ਦੀ ਤਾਮੀਲ ਹੈ। ਸਕਿਉਰੀਟੀ ਅਫਸਰ ਪੂਰੀ ਤਰ੍ਹਾਂ ਕਾਮਯਾਬ ਭੀ ਹੋ ਰਹੇ ਹਨ, ਕਿਉਂਕਿ ਕਲਜੁਗੀ ਜੀਵ ਮੋਹ ਮਾਇਆ ਦੇ ਜੰਜਾਲ ਵਿਚ ਗੁਸਿਆ ਸਫਰ ਕਰਕੇ ਨੀਯਤ ਥਾਵੇਂ ਪਹੁੰਚਣ ਲਈ ਫਸੀ ਮਾਰ ਖਾ ਬੈਠਦਾ ਹੈ। ਆਪਣੇ ਜੀਵਨ ਦੇ ਪ੍ਰੋਗਰਾਮ ਪੂਰੇ ਕਰਨ ਲਈ ਗੁਰੂ ਦੇ ਹੁਕਮ ਦੀ ਅਦੂਲੀ ਇਹਨਾਂ ਜਰਵਾਣਿਆਂ ਦੇ ਜ਼ੋਰ ਜ਼ੁਲਮ ਨੂੰ ਨਾ ਸਹਾਰਦਿਆਂ ਹੋਏ ਕਰ ਦਿੰਦਾ ਹੈ ਤੇ ਗਾਤਰੇ ਵਿਚੋਂ ਕਿਰਪਾਨ ਕਢ ਕੇ ਇਹਨਾ ਕਰਮਚਾਰੀਆਂ ਦੇ ਹਵਾਲੇ ਕਰ ਦਿੰਦਾ ਹੈ। ਸਿੰਘਾਂ ਦੀ ਇਸ ਕਮਜ਼ੋਰੀ ਨਾਲ ਕਰਮਚਾਰੀਆਂ ਨੂੰ ਪੂਰੀ ਸ਼ਹਿ ਮਿਲਦੀ ਹੈ।

ਪਹਿਲਾਂ ਆਪਣੇ ਮੁਲਕ ਹਿੰਦੁਸਤਾਨ ਦੀ ਹੀ ਗੱਲ ਕਰੀਏ। ਭਾਰਤ ਵਿਚ ਕਿਰਪਾਨ ਦੀ ਅਜ਼ਾਦੀ ਲਈ ਸਿੰਘਾਂ ਨੇ ਅਨੇਕਾਂ ਮੋਰਚੇ ਲਾਏ, ਤਸੀਹੇ ਝੱਲੇ ਅਤੇ ਸ਼ਹੀਦੀਆਂ ਦਿਤੀਆਂ। ਉਸ ਸਮੇਂ ਅੰਗਰੇਜ਼ ਸਰਕਾਰ ਨੂੰ ਮੰਨਣਾ ਪਿਆ ਕਿ ਅੰਮ੍ਰਿਤਧਾਰੀ ਸਿੰਘ ਤੇ ਸਿੰਘਣੀ ਲਈ ਕਿਰਪਾਨ ਤੇ ਹੋਰ ਚਾਰ ਕਕਾਰ ਰਖਣੇ ਅਤਿ ਲਾਜ਼ਮੀ ਹਨ। ਫਿਰ ਇੰਡੀਅਨ ਪਾਰਲੀਮੈਂਟ ਨੇ ਭੀ ਕਾਨੂੰਨ ਪਾਸ ਕਰ ਕੇ ਕਿਰਪਾਨ ਨੂੰ ਆਜ਼ਾਦ ਕਰਾਰ ਦਿਤਾ। ਦੇਖੋ ਇੰਡੀਅਨ ਕਨਸਟੀਚਿਊਸ਼ਨ ਸਫ਼ਾ ੧੫ (Constitution part iii, Fundamental rights Article 25, page 15)

ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਨੂੰ ਤਾਂ ਸ਼ਾਇਦ ਪਤਾ ਨਹੀਂ ਕਿ ਅੰਮ੍ਰਿਤਧਾਰੀ ਸਿੰਘ ਤੇ ਸਿੰਘਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਕੀ ਹੁਕਮ ਹੈ, ਪਰ ਹਿੰਦੁਸਤਾਨ ਦੀ ਸਰਕਾਰ ਨੂੰ ਤਾਂ ਪੂਰਾ ਪੂਰਾ ਪਤਾ ਹੈ ਕਿ ਸਿਖ ਹਿੰਦੁਸਤਾਨ ਦੇ ਸ਼ਹਿਰੀ ਹਨ। ਦੂਸਰੇ ਸ਼ਹਿਰੀਆਂ ਵਾਂਗੂ ਇਹਨਾਂ ਨੂੰ ਭੀ ਪੂਰੀ ਪੂਰੀ ਧਾਰਮਿਕ ਆਜ਼ਾਦੀ ਹੈ। ਇਸ ਲਈ ਦਿਲੀ ਅਤੇ ਬੰਬਈ ਹਵਾਈ ਅੱਡਿਆਂ ਤੇ ਸਿਖਾਂ ਨੂੰ ਧਾਰਮਿਕ ਚਿੰਨ੍ਹ ਕਿਰਪਾਨ ਉਤਾਰ ਦੇਣ ਲਈ ਗੁਰੂ ਵਲੋਂ ਬੇਮੁਖ ਹੋਣ ਤੇ ਕਿਉਂ ਮਜਬੂਰ ਕੀਤਾ ਜਾਂਦਾ ਹੈ ? ਕੀ ਇੰਡੀਅਨ ਗੌਰਮਿੰਟ ਦਾ ਫਰਜ਼ ਨਹੀਂ ਬਣਦਾ ਕਿ ਆਪਣੇ ਆਜ਼ਾਦ ਮੁਲਕ ਦੇ ਆਜ਼ਾਦ ਸ਼ਹਿਰੀਆਂ ਦੇ ਧਰਮ ਬਾਰੇ ਦੂਸਰੇ ਮੁਲਕਾਂ ਦੀਆਂ ਹਵਾਈ ਕੰਪਨੀਆਂ ਨੂੰ ਮੁਤਵਾਜ਼ਨ ਕਰੇ, ਖ਼ਾਸ ਕਰਕੇ ਸਿੱਖਾਂ ਬਾਰੇ, ਜਿਹੜੇ ਬਹੁਤ ਹੀ ਸੰਖਿਆ ਵਿਚ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਹਨ। ਸਗੋਂ ਇਹਨਾਂ ਮਹਾਸ਼ਿਆਂ ਨੇ ਤਾਂ ਆਪ ਹੀ ਅਤਿ ਚੁੱਕ ਲਈ ਹੈ । ਹਰ ਤਰ੍ਹਾਂ ਦੀਆਂ ਧਮਕੀਆਂ ਤੇ ਕਾਨੂੰਨੀ ਦਲੀਲਾਂ ਦੇ ਕੇ ਹਵਾਈ ਜਹਾਜ਼ ਤੇ ਸਫਰ ਕਰਨ ਵਾਲੇ ਹਰੇਕ ਸਿੰਘ ਤੇ ਸਿੰਘਣੀ ਨੂੰ ਕਿਰਪਾਨ ਹਵਾਲੇ ਕਰ ਦੇਣ ਤੇ ਹੀ ਸਫ਼ਰ ਕਰਨ ਦੀ ਇਜਾਜ਼ਤ ਦਿੰਦੇ ਹਨ । ਇਹ ਯਾਤਰੂ ਕਈ ਤਰ੍ਹਾਂ ਦੀਆਂ ਮਜਬੂਰੀਆਂ-ਵਸ ਇਹਨਾਂ ਦੀ ਅਧੀਨਗੀ ਮੰਨ, ਮਸੋਸੇ ਦਿਲ ਨਾਲ ਸਫਰ ਕਰ ਕੇ ਥਾਂ ਠਿਕਾਣੇ ਪਹੁੰਚਦੇ ਹਨ। ਇਹ ਕਿਉਂ ? ਨਕਲੀ ਨਿਰੰਕਾਰੀਆਂ ਦਾ ਹੱਥ ਜਾਂ ਭਾਰਤ ਸਰਕਾਰ ਦੀ ਫ਼ਿਰਕੂ ਨੀਤੀ ਹੀ ਹੋ ਸਕਦੀ ਹੈ ! ਦਿਲੀ ਏਅਰ ਪੋਰਟ ਤੇ ਸਕਿਉਰੀਟੀ ਅਫਸਰ ਕਹਿੰਦੇ ਹਨ ਕਿ ਉਹਨਾਂ ਨੂੰ ਖ਼ਾਸ ਹਦਾਇਤ ਹੈ ਕਿ ਕੋਈ ਵੀ ਕਿਰਪਾਨ ਪਹਿਨ ਕੇ ਸਫਰ ਨਹੀਂ ਕਰ ਸਕਦਾ।



www.AKJ.Org

ਸਿੱਖ ਕੌਮ ਨੂੰ ਮੁਗਲ ਸਰਕਾਰ ਨੇ ਭੀ ਖਤਮ ਕਰਨ ਲਈ ਬੜੇ ਸਖਤ ਤੇ ਡਰਾਉਣੇ ਤਰੀਕੇ ਅਪਣਾਏ, ਪਰ ਉਹ ਸਿਖੀ ਨੂੰ ਖਤਮ ਨਹੀਂ ਕਰ ਸਕੇ, ਭਾਵੇਂ ਅੱਸੀ ਅੱਸੀ ਰੁਪਏ ਸਿਰਾਂ ਦਾ ਮੁਲ ਪਿਆ। ਸਗੋਂ "ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਇ। ਜਿਉਂ ਜਿਉਂ ਮੰਨੂੰ ਵਢਦਾ ਅਸੀਂ ਦੂਣ ਸਵਾਏ ਹੋਇ" ਗੀਤ ਦੀਆਂ ਗੂੰਜਾਂ ਪੈਣ ਲਗ ਪਈਆਂ ਸਨ। ਸਿੱਖ ਚੜ੍ਹਦੀਆਂ ਕਲਾ ਵਿਚ ਗਏ। ਪਰ ਜਰਵਾਣਿਆਂ ਦਾ ਬੀਜ ਨਾਸ ਹੋ ਗਿਆ।

ਖਾਲਸਾ ਜੀ ! ਅਜ ਫਿਰ ਇਸ ਫ਼ਿਰਕੂ ਸਰਕਾਰ ਨੇ ਸਿੰਘਾਂ ਦੀ ਗੈਰਤ ਨੂੰ ਚੈਲੰਜ ਕੀਤਾ ਹੈ। ਇਹ ਜਰਵਾਣੇ ਹੁਣ ਫਿਰ ਨਵੇਂ ਸਿਰੇ ਸਾਨੂੰ ਅਜ਼ਮਾਉਣਾ ਚਾਹੁੰਦੇ ਹਨ। ਪੰਥ ਦੇ ਮੁਹਾਣਿਓ ! ਤੁਹਾਡੀ ਤਾਕਤ ਵੀ ਸਿੱਖੀ ਸਿਪਿਰਟ ਦੇ ਵਾਧੇ ਨਾਲ ਹੀ ਹੈ। ਆਪਣੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਯਾਦ ਕਰੋ । ਚਾਰ ਬਚੇ ਤੇ ਹੋਰ ਪਿਆਰੇ ਸਿੰਘ ਸ਼ਹੀਦ ਕਰਵਾ ਦਿਤੇ। ਮਾ ਪਿਉ ਦਾ ਖੂਨ ਦੇ ਕੇ ਸਿਖੀ ਦੇ ਬੂਟੇ ਨੂੰ ਸਿੰਜਿਆ। ਆਪਾ ਘੋਲ ਘੁਮਾਇਆ। ਲਾੜੀ ਮੌਤ ਪ੍ਰਣਾ ਕੇ ਜੀਊਣਾ ਸਿਖਾਇਆ। ਸਿਖ ਇਤਿਹਾਸ ਲਲਕਾਰ ਰਿਹਾ ਹੈ, ਅਸਲੀ ਜੀਊਣਾ ਸੱਚੀ ਮੌਤੇ ਮਰਨਾ ਹੈ । ਗੁਰੂ ਗੋਬਿੰਦ ਸਿੰਘ ਜੀਵਨ ਦਾਤੇ ਦਾ ਸੰਦੇਸ਼ ਹੈ– "ਰਹਿਣੀ ਰਹੇ ਸੋਈ ਸਿਖ ਮੇਰਾ। ਉਹ ਸਾਹਿਬ ਮੈਂ ਉਸ ਕਾ ਚੇਰਾ।" ਆਓ ! ਆਪਾਂ ਸਾਰੇ ਰਲ ਕੇ ਗੁਰੂ ਦੇ ਹੁਕਮਾਂ ਨੂੰ ਕਮਾਈਏ।

ਹੀਥਰੋ (ਲੰਡਨ) ਹਵਾਈ ਅੱਡੇ ਅਤੇ ਹੋਰ ਪਬਲਿਕ ਥਾਵਾਂ ਤੇ ਇੰਗਲੈਂਡ ਵਿਚ ਰਹਿੰਦੇ ਸਿੰਘਾਂ ਦੇ ਕਕਾਰਾਂ ਤੇ ਬੇਥਵੀਆਂ ਤੇ ਕੋਝੀਆਂ ਸੱਟਾਂ ਮਾਰੀਆਂ ਜਾ ਰਹੀਆਂ ਹਨ । ਕਿਰਪਾਨ ਤੇ ਕੜਾ ਪਹਿਨਣ ਤੇ ਪਾਬੰਦੀਆਂ ਲਗਾਉਣ ਦੀਆਂ ਵਿਉਂਤਾਂ ਗੁੰਦੀਆਂ ਜਾ ਰਹੀਆਂ ਹਨ। ਅੰਗਰੇਜ਼ ਭਾਰਤ 'ਤੇ ਡੇਢ ਸੌ ਸਾਲ ਦੇ ਕਰੀਬ ਹਕੂਮਤ ਕਰ ਚੁਕੇ ਹਨ। ਇਹਨਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਿਖ ਕਕਾਰਾਂ ਨੂੰ ਕਿੰਨਾ ਪਿਆਰ ਕਰਦੇ ਹਨ। ਅੰਮ੍ਰਿਤਧਾਰੀ ਤੇ ਰਹਿਤ ਬਹਿਤ ਵਿਚ ਪਰਪੱਕ ਸਿਖ ਦੀ ਤਾਬ ਹੀ ਨਿਆਰੀ ਹੈ। ਇਹਨਾਂ ਦੀ ਸੂਰਮਤਾਈ ਨੇ ਅੰਗਰੇਜ਼ਾਂ ਨੂੰ ਸੰਸਾਰ-ਯੁਧ ਜਿੱਤਣ ਦਾ ਸਿਹਰਾ ਪਹਿਨਾਇਆ। ਥੋੜਾ ਹੀ ਸਮਾ ਹੋਇਆ ਹੈ ਲੋਹ-ਟੋਪ ਦੇ ਮਸਲੇ ਵਿਚ ਬਰਤਾਨਵੀ ਸਰਕਾਰ ਨੇ ਮੰਨਿਆ ਹੈ ਕਿ ਅੰਮ੍ਰਿਤਧਾਰੀ ਸਿੰਘ ਤੇ ਸਿੰਘਣੀ ਪੰਜ ਕਰਾਰੀ ਰਹਿਤ ਬਹਿਤ ਵਾਲਾ ਬਗੈਰ ਟੋਪ ਪਹਿਨੇ ਮੋਟਰ ਸਾਈਕਲ, ਸਕੂਟਰ ਆਦਿ ਚਲਾ ਸਕਦਾ ਹੈ। ਫਿਰ ਹਵਾਈ ਅੱਡੇ ਤੇ ਸਿੰਘਾਂ ਨੂੰ ਗੁਰੂ ਤੋਂ ਬੇਮੁਖ ਕਰਨ ਲਈ ਇਹ ਵਤੀਰਾ ਕਿਉਂ ਵਰਤਿਆ ਜਾਂਦਾ ਹੈ ? ਮੈਂ ਸਮਝਦਾ ਹਾਂ ਕਿ ਸਿਖੀ ਨੂੰ ਅੰਦਰੋਂ ਵੀ ਤੇ ਬਾਹਰੋਂ ਵੀ ਖਤਮ ਕਰਨ ਦੀਆਂ ਸਾਜ਼ਸ਼ਾਂ ਬਣਾਈਆਂ ਜਾ ਰਹੀਆਂ ਹਨ। ਇਸ ਵਿਚ ਸਾਡਾ ਭੀ ਕਸੂਰ ਹੈ, ਕਿਉਂਕਿ ਅਸੀਂ ਸਿੱਖੀ ਦੀ ਬਜਾਇ ਮੋਹ-ਮਾਇਆ ਵਿਚ ਫਸ ਚੁਕੇ ਹਾਂ। ਇਹ ਦੁਨਿਆਵੀ ਐਸ਼ ਯਾ ਸੁਖ ਚਾਰ ਦਿਨਾਂ ਦੀ ਚਾਂਦਨੀ ਹੈ।

ਖਾਲਸਾ ਸੰਤ-ਸਿਪਾਹੀ ਹੈ। ਮਾਲਾ ਫੇਰਨਾ ਤੇ ਕੀਰਤਨ ਕਰਨਾ ਜਿੰਨਾ ਜ਼ਰੂਰੀ ਹੈ ਉਨਾ ਗੁਰਮਤਿ ਰਹਿਣੀ ਬਹਿਣੀ ਭੀ ਅਤਿ ਜ਼ਰੂਰੀ ਹੈ। ਮੇਰੀ ਸਰਬੱਤ ਖਾਲਸੇ ਅਗੇ ਜੋਦੜੀ ਹੈ, ਜਿਥੇ ਕਿਥੇ ਵੀ ਹੋ, ਅਰਦਾਸ ਕਰੋ, ਗੁਰੂ ਪਾਤਸ਼ਾਹ ਆਪਣੇ ਬਿਰਦ ਬਾਣੇ ਦੀ ਲਾਜ ਰਖੇ । ਸਿੱਖ ਲੀਡਰਾਂ ਤੇ ਵਜ਼ੀਰਾਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਭਾਰਤ ਸ੍ਰਕਾਰ ਨੂੰ ਸਿੱਖੀ ਰਹਿਤ ਕੇਸਾਂ ਸਵਾਸਾਂ ਸੰਗ ਨਿਬਾਹੁਣ ਲਈ, ਅਜਿਹੇ ਇੰਟਰਨੈਸ਼ਨਲ ਕਾਨੂੰਨ ਦਾ ਖਾਤਮਾ ਕਰਵਾਉਣ । ਗੁਰੂ ਮਿਹਰ ਕਰੇ, ਸਿੰਘਾ ਦੇ ਸਰਬਤ ਮੋਰਚੇ ਫਤਹ ਹੋਣਗੇ। ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਸਿਖ ਸੰਗਤਾਂ ਇਸ ਸੰਘਰਸ਼ ਲਈ ਤਿਆਰੇ ਕਰਨ। ਫਿਰ ਗੁਰੂ ਗੋਬਿੰਦ ਸਿੰਘ ਜੀ ਜ਼ਾਹਰੀ ਕਲਾ ਵਰਤਾਉਣਗੇ।

ਗੁਰੂ ਪੰਥ ਦਾ ਦਾਸ–

ਮਦਨ ਸਿੰਘ

ਕਨਵੀਨਰ, ਸਿਖ ਕਕਾਰ ਐਕਸ਼ਨ ਕਮੇਟੀ,

ਅਖੰਡ ਕੀਰਤਨੀ ਜਥਾ, ਯੂ. ਕੇ



www.AKJ.Org

# ਧੰਨ ਸ੍ਰੀ ਗੁਰੂ ਅਮਰਦਾਸ ਜੀ

[ਲੇਖਕਾ :- ਸਰਦਾਰਨੀ ਸੁਵਰਨਜੀਤ ਕੌਰ ਨੀਲ, ਰਿਚਮੰਡ ਬੀ. ਸੀ ਕੈਨੇਡਾ]

### ਜਨਮ ਵਿਆਹ ਤੇ ਸੰਤਾਨ–

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਸੰਨ ੧੪੭੯ ਵਿਚ ਪਿੰਡ ਬਾਸਰਕੇ ਪਿਤਾ ਤੇਜਭਾਨ ਜੀ ਤੇ ਮਾਤਾ ਸੁਲੱਖਣੀ ਜੀ ਤੋਂ ਹੋਇਆ। ਸੰਨ ੧੫੦੩ ਵਿਚ ਆਪ ਜੀ ਦਾ ਵਿਆਹ ਭਾਈ ਦੇਵੀ ਚੰਦ ਬਹਿਲ ਜੀ ਦੀ ਸਪੁੱਤਰੀ ਸ੍ਰੀ ਰਾਮ ਕੌਰ ਜੀ ਨਾਲ ਹੋਇਆ। ਆਪ ਜੀ ਦੇ ਘਰ ਦੋ ਸਪੁਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਅਤੇ ਦੋ ਸਪੁਤਰੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਨੇ ਜਨਮ ਲਿਆ।

### ਹਰਦੁਆਰ, ਗੰਗਾ ਦੇ ਇਸ਼ਨਾਨ–

ਸ੍ਰੀ (ਗੁਰੂ) ਅਮਰਦਾਸ ਜੀ ਦੇ ਜੀਵਨ ਤੇ ਬਚਪਨ ਤੋਂ ਹੀ ਮਾਤਾ ਪਿਤਾ ਦੀਆਂ ਧਾਰਮਿਕ ਰੁਚੀਆਂ ਦਾ ਪ੍ਰਭਾਵ ਪੈਂਦਾ ਰਿਹਾ। ਆਪ ਜੀ ਆਪਣੇ ਪਿਤਾ ਜੀ ਵਾਂਗ ਹੀ ਵੈਸ਼ਨੋ ਮੱਤ ਦੇ ਧਾਰਨੀ ਸਨ। ਆਪਣੇ ਵਣਜ ਵਿਹਾਰ ਤੇ ਗ੍ਰਹਿਸਤ ਜੀਵਨ ਵਿਚ ਵਿਚਰਦੇ ਹੋਏ ਵੀ ਪੁੰਨ ਦਾਨ, ਤੀਰਥ ਯਾਤਰਾ, ਭਜਨ ਬੰਦਗੀ ਤੇ ਸਾਧ ਸੰਤਾਂ ਦੀ ਸੇਵਾ ਵਿਚ ਰੁਝੇ ਰਹਿੰਦੇ ਸਨ। ਹਿੰਦੂ ਧਰਮ ਅਨੁਸਾਰ ਆਪ ਜੀ ਵੀਹ ਵਰ੍ਹੇ ਲਗਾਤਾਰ ਤੀਰਥ ਯਾਤਰਾ ਤੇ ਹਰਦੁਆਰ ਗੰਗਾ ਦੇ ਇਸ਼ਨਾਨ ਲਈ ਜਾਂਦੇ ਰਹੇ। ਜਦੋਂ ਅਖੀਰਲੀ ਵਾਰੀ ਵਾਪਸ ਪਰਤ ਰਹੇ ਸਨ ਤਦ ਰਸਤੇ ਵਿਚ ਇਕ ਬ੍ਰਹਮਚਾਰੀ ਦੇ ਨਾਲ ਆਪ ਜੀ ਦਾ ਮੇਲ ਹੋਇਆ। ਕਈ ਵਾਰੀ ਆਪਸ ਵਿਚ ਵਿਚਾਰ ਵਟਾਂਦਰੇ ਹੁੰਦੇ ਰਹਿੰਦੇ। ਇਕ ਦਿਨ ਬ੍ਰਹਮਚਾਰੀ ਨੇ (ਗੁਰੂ) ਅਮਰਦਾਸ ਜੀ ਨੂੰ ਸਹਿਜ ਸੁਭਾਅ ਪੁਛਿਆ ਕਿ "ਤੂੰ ਬੜਾ ਨੇਕ ਤੇ ਧਰਮੀ ਬੰਦਾ ਹੈਂ, ਤੇਰਾ ਗੁਰੂ ਕੌਣ ਹੈ?" (ਗੁਰੂ) ਅਮਰਦਾਸ ਜੀ ਨੇ ਉੱਤਰ ਦਿਤਾ ਕਿ "ਅਜੇ ਤਕ ਮੈਂ ਗੁਰੂ ਦੀ ਭਾਲ ਵਿਚ ਹਾਂ ਪਰ ਹਾਲੀ ਤਕ ਮੈਨੂੰ ਗੁਰੂ ਨਹੀਂ ਲੱਭਾ। ਇਹ ਉਤਰ ਸੁਣ ਕੇ ਬ੍ਰਹਮਚਾਰੀ ਨੇ ਬੜਾ ਦੁਖ ਪ੍ਰਗਟ ਕੀਤਾ ਤੇ ਨਿਗੁਰੇ ਦੇ ਸੰਗ ਨੂੰ ਬੁਰਾ ਆਖਿਆ। ਇਸ ਵਾਰਤਾਲਾਪ ਦਾ (ਗੁਰੂ) ਅਮਰਦਾਸ ਜੀ ਦੇ ਮਨ ਤੇ ਬੜਾ ਹੀ ਡੂੰਘਾ ਅਸਰ ਹੋਇਆ। ਗੁਰੂ ਧਾਰਨ ਦੀ ਇੱਛਾ ਹੋਰ ਵੀ ਪ੍ਰਬਲ ਹੋ ਗਈ।

### ਗੁਰੂ ਮਿਲਾਪ–

ਇਕ ਦਿਨ ਅੰਮ੍ਰਿਤ ਵੇਲੇ ਬੀਬੀ ਅਮਰੋ ਜੀ ਨੂੰ ਹਰੀ ਦਾ ਜੱਸ, ਰੱਬੀ ਸਿਫ਼ਤ ਸਲਾਹ, ਆਪਣੀ ਹੀ ਬੋਲੀ ਵਿਚ ਕਰਦਿਆਂ ਸੁਣ ਕੇ (ਗੁਰੂ) ਅਮਰਦਾਸ ਜੀ ਦੇ ਮਨ ਵਿਚ ਖਿੱਚ ਪਈ। ਬੀਬੀ ਅਮਰੋ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ ਤੇ ਇਹਨਾਂ ਦਾ ਵਿਆਹ (ਗੁਰੂ) ਅਮਰਦਾਸ ਜੀ ਦੇ ਭਤੀਜੇ ਨਾਲ ਹੋਇਆ ਸੀ। (ਗੁਰੂ) ਅਮਰਦਾਸ ਜੀ ਨੇ ਬੀਬੀ ਜੀ ਨੂੰ ਇਸ ਮਹਾਨ ਬਾਣੀ ਬਾਰੇ ਪੁਛਿਆ। ਬੀਬੀ ਜੀ ਨੇ ਦਸਿਆ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਉਸ ਗੱਦੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਮੇਰੇ ਪਿਤਾ ਜੀ ਬਿਰਾਜਮਾਨ ਹਨ। ਸੁਣਦਿਆਂ ਸਾਰ ਹੀ (ਗੁਰੂ) ਅਮਰਦਾਸ ਜੀ ਬੀਬੀ ਜੀ ਨੂੰ ਨਾਲ ਲੈ ਕੇ ਖਡੂਰ ਸਾਹਿਬ ਪੁਜੇ। ਕੁੜਮ ਹੋਣ ਦੇ ਨਾਤੇ ਗੁਰੂ ਅੰਗਦ ਦੇਵ ਜੀ ਨੇ (ਗੁਰੂ) ਅਮਰਦਾਸ ਜੀ ਦਾ ਸਤਿਕਾਰ ਕਰਨਾ ਚਾਹਿਆ, ਪਰ (ਗੁਰੂ) ਅਮਰਦਾਸ ਜੀ ਸਤਿਗੁਰੂ ਜੀ ਦੇ ਚਰਨੀਂ ਢਹਿ ਪਏ।

### ਸੇਵਾ–

ਇਸ ਵੇਲੇ (ਗੁਰੂ) ਅਮਰਦਾਸ ਜੀ ਦੀ ਉਮਰ ੬੧ ਸਾਲ ਦੀ ਹੋ ਗਈ ਸੀ ਸ੍ਰੀ ਗੁਰੂ ਅੰਗਦ ਦੇਵ ਜੀ ੩੬ ਵਰ੍ਹੇ ਦੇ ਸਨ। (ਗੁਰੂ) ਅਮਰਦਾਸ ਜੀ


www.AKJ.Org

੭੨ ਸਾਲ ਦੀ ਉਮਰ ਤਕ ਲਗਾਤਾਰ ਗਿਆਰਾਂ ਵਰ੍ਹੇ ਅਤੁੱਟ ਤੇ ਅਣਥੱਕ ਗੱਭਰੂਆਂ ਦੀ ਤਰ੍ਹਾਂ ਸੇਵਾ ਕਰਦੇ ਰਹੇ । ਹਰ ਰੋਜ਼ ਅੱਧੀ ਰਾਤੀਂ ਸੱਤ ਕਿਲੋਮੀਟਰ ਦੀ ਵਾਟ ਤੇ ਦਰਿਆ ਬਿਆਸਾ ਤੋਂ ਗਾਗਰ ਵਿਚ ਪਾਣੀ ਲੈ ਕੇ ਆਉਣਾ । ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਣਾ । ਇਹ ਨਿੱਤ ਦਾ ਨਿਯਮ ਸੀ । ਸਿਆਲ, ਮੀਂਹ, ਹਨੇਰੀ ਤੇ ਝੱਖੜ ਝੁਲਦਿਆਂ ਵਿਚ ਵੀ ਪ੍ਰੇਮ ਤੇ ਸੇਵਾ ਵਿਚ ਕੋਈ ਫ਼ਰਕ ਨਹੀਂ ਸਨ ਪੈਣ ਦਿੰਦੇ । ਗੁਰੂ ਤੇ ਸੰਗਤ ਦੀ ਸੇਵਾ ਵਿਚ ਹਰ ਵੇਲੇ ਹੀ ਤਤਪਰ ਰਹਿੰਦੇ ਸਨ । ਸੇਵਾ ਵਿਚ ਐਨੇ ਮਗਨ ਹੋ ਗਏ ਸਨ ਕਿ ਕਿੰਨੀ ਕਿੰਨੀ ਰਾਤ ਤਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰਿਸਦੇ ਪੈਰ ਦੇ ਅੰਗੂਠੇ ਨੂੰ ਆਪਣੇ ਮੂੰਹ ਦੀ ਭਾਪ ਨਾਲ ਸਹਿਲਾਂਦੇ ਰਹਿਣਾ । ਹਰ ਸਾਲ ਆਪ ਜੀ ਨੂੰ ਡੇਢ ਮੀਟਰ ਕੱਪੜਾ ਮਿਲਦਾ ਸੀ, ਜਿਸ ਨੂੰ ਸਤਿਕਾਰ ਨਾਲ ਸਿਰਪਾਓ ਸਮਝ ਸਿਰ ਤੇ ਬੰਨ੍ਹ ਲੈਂਦੇ ਸਨ ।

ਜਨਵਰੀ ਸੰਨ ੧੫੫੨ ਦਾ ਜ਼ਿਕਰ ਹੈ, ਇਕ ਹਨੇਰੀ ਸਿਆਲਾਂ ਦੀ ਰਾਤ ਨੂੰ ਝੱਖੜ ਝੁਲ ਰਿਹਾ ਸੀ । ਮੀਂਹ ਵਰ੍ਹਦੇ ਵਿਚ (ਗੁਰੂ) ਅਮਰਦਾਸ ਜੀ ਆਪਣੇ ਨਿਯਮ ਅਨੁਸਾਰ ਗਾਗਰ ਪਾਣੀ ਦੀ ਭਰੀ ਲਈ ਆ ਰਹੇ ਸਨ ਕਿ ਜੁਲਾਹਿਆਂ ਦੀ ਖੱਡੀ ਵਿਚ ਆਪ ਜੀ ਠੇਡਾ ਖਾ ਕੇ ਡਿੱਗ ਪਏ । ਖੜਾਕ ਸੁਣਨ ਤੇ ਜੁਲਾਹੀ ਨੇ ਜੁਲਾਹੇ ਨੂੰ ਆਖਿਆ ਕਿ "ਇਸ ਵੇਲੇ ਅੱਧੀ ਰਾਤੀ ਹੋਰ ਕੌਣ ਹੋ ਸਕਦਾ ਹੈ, ਨਿਥਾਵਾਂ ਅਮਰੂ ਹੀ ਹੋਵੇਗਾ ।" ਹੋਰ ਵੀ ਕਈ ਬੋਲ ਕੁਬੋਲ ਬੋਲੇ । (ਗੁਰੂ) ਅਮਰਦਾਸ ਜੀ ਨੇ ਜੁਲਾਹੀ ਦੀ ਇਹ ਗੱਲ ਸੁਣ ਕੇ ਕਿਹਾ, "ਕਮਲੀਏ ਮੈਂ ਨਿਥਾਵਾਂ ਨਹੀਂ, ਮੇਰਾ ਥਾਂ ਗੁਰੂ ਆਪ ਹੈ ।" ਜੁਲਾਹੀ ਦੀ ਤਾਹਨੇ ਵਾਲੀ ਗੱਲ ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਵੀ ਅੱਪੜ ਗਈ । ਉਨ੍ਹਾਂ (ਗੁਰੂ) ਅਮਰਦਾਸ ਜੀ ਨੂੰ ਗਲੇ ਲਾਇਆ, ਸਨਮਾਨਿਆ ਤੇ ਇਨ੍ਹਾਂ ਸ਼ਬਦਾਂ ਨਾਲ ਨਿਵਾਜਿਆ :—"ਅਮਰਦਾਸ ਤੇ ਨਿਮਾਣਿਆਂ ਦਾ ਮਾਣ, ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਤੇ ਨਿਧਰਿਆਂ ਦੀ ਧਿਰ ਹੈ ।" ਸਵੇਰ ਹੁੰਦਿਆਂ ਜੁਲਾਹੀ ਵੀ ਕਮਲੀ ਹੋਈ ਗੁਰ-ਦਰਬਾਰ ਅੰਦਰ ਪਹੁੰਚ ਗਈ ਤੇ ਆਪਣੀ ਭੁੱਲ ਦੀ ਖਿਮਾ ਮੰਗੀ । ਸਦ ਬਖਸ਼ਿੰਦ ਗੁਰੂ ਜੀ ਨੇ ਉਸ ਦੀ ਭੁੱਲ ਬਖਸ਼ ਦਿੱਤੀ ।

## ਗੁਰਤਾ-ਪ੍ਰਾਪਤੀ—

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ (ਗੁਰੂ) ਅਮਰਦਾਸ ਜੀ ਦੀ ਕਰੜੀ ਘਾਲਣਾ, ਅਡੋਲਤਾ, ਸਿਦਕ, ਨਿਰਮਾਣਤਾ ਤੇ ਅੰਤਾਂ ਦੀ ਸੇਵਾ ਤੋਂ ਜਾਣ ਲਿਆ ਸੀ ਕਿ ਗੁਰ-ਗੱਦੀ ਦੀ ਜ਼ਿਮੇਵਾਰੀ ਸ੍ਰੀ (ਗੁਰੂ) ਅਮਰਦਾਸ ਜੀ ਨੇ ਹੀ ਚੁਕਣੀ ਤੇ ਨਿਬਾਹੁਣੀ ਹੈ । ਸ੍ਰੀ (ਗੁਰੂ) ਅਮਰਦਾਸ ਜੀ ਘਾਲ ਸੇਵਾ ਦੀ ਪ੍ਰੀਖਿਆ ਵਿਚ ਪੂਰੇ ਉਤਰੇ ਸਨ । ਸੰਨ ੧੫੫੨ ਮਾਰਚ ਨੂੰ ਗੁਰੂ ਅੰਗਦ ਦੇਵ ਜੀ ਨੇ ਗੁਰ-ਗੱਦੀ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਬਖਸ਼ ਦਿਤੀ । ਸਾਰੀ ਸੰਗਤ ਸਾਹਮਣੇ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਮਰਦਾਸ ਜੀ ਨੂੰ ਲਾਇਆ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ (ਗੁਰੂ) ਅਮਰਦਾਸ ਜੀ ਨੂੰ "ਗੁਰੂ" ਥਾਪ ਦਿਤਾ । ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਲੜ ਲਾ ਕੇ ਸ੍ਰੀ ਗੁਰੂ ਅੰਗਦ ਦੇਵ ਜੀ ੨੯ ਮਾਰਚ ੧੫੫੨ ਵਿਚ ਜੋਤੀ ਜੋਤਿ ਸਮਾ ਗਏ ।

## ਗੋਇੰਦਵਾਲ—

ਭਾਈ ਗੋਂਦਾ ਨਾਮੀ ਇਕ ਸਿੱਖ ਸੀ, ਜੋ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਹਮੇਸ਼ਾ ਸੇਵਾ ਲਈ ਹਾਜ਼ਰ ਰਹਿੰਦਾ ਸੀ । ਇਸ ਦੇ ਕੋਲ ਕਾਫੀ ਜ਼ਮੀਨ ਸੀ । ਇਕ ਦਿਨ ਇਸ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਆਪਣੀ ਜ਼ਮੀਨ ਤੇ ਇਕ ਪਿੰਡ ਵਸਾਉਣਾ ਚਾਹੁੰਦਾ ਹਾਂ, ਕਈ ਵਾਰ ਵਸਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਵਿਘਨ ਪੈਂਦਾ ਰਹਿੰਦਾ ਹੈ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦੀ ਬੇਨਤੀ ਪ੍ਰਵਾਨ ਕਰਦਿਆਂ ਹੋਇਆਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਹ ਨਗਰ



www.AKJ.Org

ਵਸਾਉਣ ਦਾ ਹੁਕਮ ਦਿਤਾ। ਸੋ ਭਾਈ ਗੋਂਦੇ ਦੇ ਨਾਂ ਤੇ ਇਸ ਨਗਰ ਦਾ ਨਾਂ ਗੋਇੰਦਵਾਲ ਮਸ਼ਹੂਰ ਹੋ ਗਿਆ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਖਡੂਰ ਸਾਹਿਬ ਦੀ ਥਾਂ ਸਿਖ ਧਰਮ ਦੇ ਪ੍ਰਚਾਰ ਦਾ ਕੇਂਦਰ ਗੋਇੰਦ-ਵਾਲ ਜਾ ਬਣਾਇਆ।

ਨਿਰਮਾਣਤਾ--

ਗੁਰ-ਗੱਦੀ ਗੁਰੂ ਅਮਰਦਾਸ ਜੀ ਨੂੰ ਸੌਂਪਣ ਦਾ ਗੁਰੂ ਅੰਗਦ ਦੇਵ ਜੀ ਦੇ ਸਪੁੱਤਰਾਂ ਸ੍ਰੀ ਦਾਤੂ ਜੀ ਤੇ ਸ੍ਰੀ ਦਾਸੂ ਜੀ ਨੇ ਬੜਾ ਰੋਸ ਮਨਾਇਆ। ਕੁਝ ਸਮਾਂ ਸ੍ਰੀ ਦਾਸੂ ਜੀ ਨੇ ਗੁਰਿਆਈ ਦੀ ਪੱਗ ਵੀ ਬੰਨ੍ਹੀ ਤੇ ਸੰਗਤਾਂ ਨੂੰ ਉਪਦੇਸ਼ ਵੀ ਦਿਤਾ, ਪਰ ਨਤੀਜੇ ਵਜੋਂ ਉਹਨਾਂ ਦਾ ਸਿਰ ਚਕਰਾਉਣ ਲੱਗ ਪਿਆ, ਆਖ਼ਿਰ ਮਾਤਾ ਖੀਵੀ ਜੀ ਦੇ ਉਪਦੇਸ਼ ਤੇ ਪ੍ਰੇਰਨਾ ਦੇ ਨਾਲ ਗੋਇੰਦਵਾਲ ਸਾਹਿਬ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਤੋਂ ਆਪਣੀ ਭੁਲ ਬਖਸ਼ਾਈ ਤੇ ਠੀਕ ਹੋ ਗਏ। ਪਰ ਸ੍ਰੀ ਦਾਤੂ ਜੀ ਦੇ ਦਿਲ ਵਿਚ ਬੜੀ ਹੀ ਈਰਖਾ ਤੇ ਗੁਸਾ ਸੀ। ਇਕ ਦਿਨ ਦੀਵਾਨ ਸਜਿਆ ਹੋਇਆ ਸੀ, ਗੁਰੂ ਅਮਰਦਾਸ ਜੀ ਗੱਦੀ ਤੇ ਬਿਰਾਜਮਾਨ ਸਨ। ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ, ਕਿ ਸ੍ਰੀ ਦਾਤੂ ਜੀ ਨੇ ਗੁਰੂ ਸਾਹਿਬ ਦੇ ਲੱਤ ਕੱਢ ਮਾਰੀ। ਸ੍ਰੀ ਗੁਰੂ ਅਮਰਦਾਸ ਜੀ ਸਿੰਘਾਸਨ ਤੋਂ ਡਿਗ ਪਏ, ਸੰਭਲ ਕੇ ਉਠੇ ਤੇ ਸ੍ਰੀ ਦਾਤੂ ਜੀ ਦੇ ਚਰਨ ਫੜ ਲਏ ਤੇ ਫਰਮਾਇਆ, "ਮੇਰੀਆਂ ਹੱਡੀਆਂ ਸਖਤ ਹਨ, ਕਿਧਰੇ ਆਪ ਜੀ ਦੇ ਸੋਹਲ ਚਰਨਾਂ ਨੂੰ ਸੱਟ ਤੇ ਨਹੀਂ ਲੱਗੀ ?" "ਆਪ ਜੀ ਮੇਰੇ ਗੁਰਦੇਵ ਦੇ ਸਪੁਤਰ ਹੋ।" ਨਿਮ੍ਰਤਾ ਦੇ ਪੁੰਜ ਸ੍ਰੀ ਗੁਰੂ ਅਮਰਦਾਸ ਜੀ ਉਥੋਂ ਚੁੱਪ ਚੁਪੀਤੇ ਉੱਠ ਕੇ ਆਪਣੇ ਜਨਮ ਅਸਥਾਨ ਬਾਸਰਕੇ ਪਹੁੰਚ ਗਏ। ਉਥੇ ਇੱਕ ਕੋਠੇ ਵਿਚ ਟਿਕ ਗਏ ਤੇ ਬਾਹਰ ਦਰਵਾਜ਼ੇ ਉਤੇ ਲਿਖ ਕੇ ਲਾ ਦਿਤਾ, "ਜੇ ਕੋਈ ਇਹ ਬੂਹਾ ਖੋਲ੍ਹੇਗਾ ਤਾਂ ਉਹ ਸਾਡਾ ਸਿੱਖ ਨਹੀਂ ਤੇ ਅਸੀਂ ਉਸ ਦੇ ਗੁਰੂ ਨਹੀਂ।" ਸੰਗਤਾਂ ਦੇ ਪਿਆਰ ਤੇ ਬਾਬਾ ਬੁੱਢਾ ਜੀ ਦੀ ਭਾਲ ਨੇ ਗੁਰੂ ਜੀ ਨੂੰ ਲੱਭ ਲਿਆ। ਬਾਬਾ ਬੁੱਢਾ ਜੀ ਨੇ ਅਤੀ ਸਿਆਣਪ ਨਾਲ ਪਿਛਲੀ ਕੰਧ ਨੂੰ ਜਾ ਸੰਨ੍ਹ ਲਾਈ ਤੇ ਉਸ ਦੇ ਵਿਚੋਂ ਦੀ ਲੰਘ ਕੇ ਗੁਰੂ ਜੀ ਦੇ ਅਗੇ ਮੱਥਾ ਟੇਕਿਆ ਤੇ ਬੇਨਤੀ ਕੀਤੀ ਕਿ ਸੰਗਤਾਂ ਬਿਹਬਲ ਹਨ ਸੰਗਤਾਂ ਨੂੰ ਦਰਸ਼ਨ ਦਿਓ। ਸਾਹਿਬਾਂ ਬੇਨਤੀ ਪ੍ਰਵਾਨ ਕੀਤੀ ਤੇ ਸੰਗਤਾਂ ਨੂੰ ਨਿਹਾਲ ਕੀਤਾ। ਓਧਰ ਸ੍ਰੀ ਦਾਤੂ ਜੀ ਜਦੋਂ ਸਾਰਾ ਸਾਮਾਨ, ਧਨ, ਦੌਲਤ ਗੋਇੰਦਵਾਲ ਸਾਹਿਬ ਤੋਂ ਖਡੂਰ ਸਾਹਿਬ ਲੈ ਜਾ ਰਹੇ ਸਨ ਤਦ ਰਸਤੇ ਵਿਚ ਡਾਕੂਆਂ ਨੇ ਸਾਰਾ ਸਮਾਨ ਲੁਟ ਲਿਆ ਤੇ ਸ੍ਰੀ ਦਾਤੂ ਜੀ ਦੀ ਲੱਤ ਵੀ ਤੋੜ ਦਿਤੀ। ਸ੍ਰੀ ਦਾਤੂ ਜੀ ਨੂੰ ਆਪਣੀ ਕਰਨੀ ਦਾ ਫਲ ਮਿਲ ਗਿਆ।

ਲੰਗਰ ਦੀ ਮਹੱਤਤਾ—

ਸ੍ਰੀ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਵਾਪਸ ਪੁਜਣ ਤੇ ਗੋਇੰਦਵਾਲ ਸਾਹਿਬ ਫਿਰ ਖੂਬ ਰੌਣਕਾਂ ਲੱਗ ਗਈਆਂ। ਸਵੇਰੇ ਤੋਂ ਸ਼ਾਮ ਤੱਕ ਗੁਰਬਾਣੀ ਦਾ ਪਾਠ, ਕਥਾ ਤੇ ਕੀਰਤਨ ਦਾ ਪ੍ਰਵਾਹ ਚਲਦਾ। ਅਤੁੱਟ ਲੰਗਰ ਵਰਤਦਾ। ਲੰਗਰ ਦੀ ਪਵਿਤਰਤਾ ਤੇ ਛੂਤ ਛਾਤ ਦੇ ਭੇਦ-ਭਾਵ ਨੂੰ ਉੱਕਾ ਹੀ ਖਤਮ ਕਰਨ ਲਈ ਗੁਰੂ ਸਾਹਿਬਾਂ ਹੁਕਮ ਜਾਰੀ ਕਰ ਦਿਤਾ ਕਿ "ਜੋ ਵੀ ਕੋਈ ਸਾਡੇ ਦਰਸ਼ਨਾਂ ਨੂੰ ਆਵੇ, ਤਾਂ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕੇ।" ਹਰੀਪੁਰ ਦੇ ਰਾਜੇ ਤੇ ਰਾਣੀਆਂ ਨੇ ਪੰਗਤ ਵਿਚ ਬੈਠ ਕੇ ਗੁਰੂ ਕਾ ਲੰਗਰ ਛਕਿਆ। ਸੰਨ ੧੫੬੫ ਵਿਚ ਅਕਬਰ ਬਾਦਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੇ ਲੰਗਰ ਦੀ ਪਵਿਤ੍ਰ ਮਰਯਾਦਾ ਅਨੁਸਾਰ ਪੰਗਤ ਵਿਚ ਬੈਠ ਕੇ ਲੰਗਰ ਵਿਚ ਪ੍ਰਸ਼ਾਦਾ ਛਕਿਆ। ਅਕਬਰ ਬਾਦਸ਼ਾਹ ਲੰਗਰ ਦੇ ਪ੍ਰਬੰਧ ਤੋਂ ਐਨਾ ਪ੍ਰਭਾਵਤ ਹੋਇਆ ਕਿ ਉਸ ਨੇ ਕੁਝ ਜ਼ਮੀਨ 'ਲੰਗਰ' ਲਈ ਲਗਵਾਉਣ ਦੀ ਇੱਛਾ ਪ੍ਰਗਟ ਕੀਤੀ, ਪਰ ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਕਿ ਇਹ ਲੰਗਰ ਸੰਗਤਾਂ ਦਾ ਸਾਂਝਾ ਹੈ, ਸੰਗਤਾਂ ਆਪ ਹੀ ਉਦਮ ਨਾਲ ਚਲਾਉਂਦੀਆਂ ਹਨ। ਪਰ ਅਕਬਰ ਦੀ ਇੱਛਾ ਪ੍ਰਬਲ ਸੀ, ਸੋ ਉਸ ਨੇ ਬੀਬੀ ਭਾਨੀ ਜੀ ਨੂੰ ਆਪਣੀ ਸਪੁਤਰੀ ਕਹਿ ਕੇ ਉਹਨਾਂ ਦੇ ਨਾਂ ਝਬਾਲ ਪ੍ਰਗਣੇ ਦੀ ਜਾਗੀਰ ਲਗਾ ਦਿਤੀ।

ਵਿਰੋਧਤਾ—

ਸਿੱਖੀ ਪ੍ਰਚਾਰ ਦਾ ਕੇਂਦਰ ਗੋਇੰਦਵਾਲ ਸਾਹਿਬ ਬਣ ਗਿਆ। ਗੋਇੰਦਵਾਲ ਸਾਹਿਬ ਦੀ ਸ਼ਾਨ ਸ਼ੌਕਤ


www.AKJ.Org

ਖੂਬ ਵੱਧਣ ਲੱਗੀ। ਇੱਕੋ ਪੰਗਤ ਵਿਚ ਲੰਗਰ ਤੇ ਗੋਇੰਦਵਾਲ ਦੀ ਤਰੱਕੀ ਹੁੰਦੀ ਵੇਖ ਕੇ ਦੂਰ ਨੇੜੇ ਦੇ ਪਿੰਡਾਂ ਦੇ ਬ੍ਰਾਹਮਣ ਤੇ ਖੱਤ੍ਰੀ ਸਹਾਰ ਨਾ ਸਕੇ। ਭਾਈ ਗੋਂਦਾ ਗੁਜ਼ਰ ਚੁਕਾ ਸੀ। ਇਸ ਦਾ ਪੁਤਰ ਵੀ ਇਨ੍ਹਾਂ ਈਰਖਾਲੂਆਂ ਦੇ ਨਾਲ ਜਾ ਰਲਿਆ। ਇਨ੍ਹਾਂ ਸਾਰਿਆਂ ਰਲ ਕੇ ਅਕਬਰ ਬਾਦਸ਼ਾਹ ਦੇ ਦਰਬਾਰ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਰੁੱਧ ਸ਼ਿਕਾਇਤ ਕੀਤੀ। ਬ੍ਰਾਹਮਣਾਂ ਆਖਿਆ ਕਿ ਅਮਰਦਾਸ ਨਾਮ ਦਾ ਹਿੰਦੂ, ਹਿੰਦੂ ਧਰਮ ਨੂੰ ਨੁਕਸਾਨ ਪੁਚਾ ਰਿਹਾ ਹੈ। ਉਹ ਹਿੰਦੂ ਧਰਮ ਦੇ ਵਿਰੁਧ ਪ੍ਰਚਾਰ ਕਰਦਾ ਹੈ। ਹੋਰ ਵੀ ਕਈ ਝੂਠੀਆਂ ਸੱਚੀਆਂ ਸ਼ਿਕਾਇਤਾਂ ਕੀਤੀਆਂ। ਭਾਈ ਗੋਂਦਾ ਦੇ ਪੁਤਰ ਨੇ ਆਪਣੇ ਪਿਓ ਦੀ ਜ਼ਮੀਨ ਤੇ ਆਪਣੀ ਮਲਕੀਅਤ ਦਾ ਦਾਅਵਾ ਕੀਤਾ। ਬਾਦਸ਼ਾਹ ਅਕਬਰ ਨੇ ਗੁਰੂ ਜੀ ਨੂੰ ਬੁਲਾਵਾ ਭੇਜਿਆ। ਗੁਰੂ ਸਾਹਿਬਾਂ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਘੱਲਿਆ। ਭਾਈ ਜੇਠਾ ਜੀ ਨੇ ਅਤੀ ਸਿਆਣਪ ਨਾਲ ਅਕਬਰ ਬਾਦਸ਼ਾਹ ਦੇ ਪ੍ਰਸ਼ਨਾਂ ਦੇ ਯੋਗ ਉਤਰ ਦੇ ਕੇ ਉਸ ਦੀ ਤਸੱਲੀ ਕਰਾ ਦਿਤੀ। ਜਿਸ ਦੇ ਨਾਲ ਵਿਰੋਧੀਆਂ ਨੂੰ ਹਾਰ ਖਾਣੀ ਪਈ। ਫੈਸਲਾ ਸਿਖਾਂ ਦੇ ਹੱਕ ਵਿਚ ਹੋਇਆ। ਪਰ ਵਿਰੋਧੀ ਹਾਲੀ ਵੀ ਨਾ ਟਲੇ। ਉਹਨਾਂ ਗੋਇੰਦਵਾਲ ਦੇ ਮੁਸਲਮਾਨ ਖੋਜਿਆਂ ਮੁੰਡਿਆਂ ਨੂੰ ਚੁਕਿਆ। ਇਨ੍ਹਾਂ ਮੁੰਡਿਆਂ ਨੇ ਸਿਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਜਦੋਂ ਸਿੱਖ ਖੂਹ ਤੋਂ ਪਾਣੀ ਭਰ ਕੇ ਲਿਆਉਣ ਤਦ ਇਹ ਈਰਖਾਲੂ ਸਿੱਖਾਂ ਦੇ ਘੜੇ ਵੱਟੇ ਮਾਰ ਕੇ ਭੰਨ ਦਿਆ ਕਰਨ। ਸਤਿਗੁਰੂ ਜੀ ਨੇ ਸਿਖਾਂ ਨੂੰ ਪਿਤਲ ਦੀਆਂ ਗਾਗਰਾਂ ਵਰਤਣ ਲਈ ਹੁਕਮ ਦੇ ਦਿਤਾ। ਪਰ ਵਿਰੋਧੀ ਗਾਗਰਾਂ ਭੰਨਣ ਲਈ ਵੀ ਪੂਰਾ ਜ਼ੋਰ ਲਗਾਂਦੇ ਰਹੇ। ਇਨ੍ਹਾਂ ਮੁੰਡਿਆਂ ਅਤਿ ਮਚਾਈ ਹੋਈ ਸੀ, ਕਿਸੇ ਦੀ ਵੀ ਪ੍ਰਵਾਹ ਨਹੀਂ ਸਨ ਕਰਦੇ। ਇਥੋਂ ਤਕ ਕਿ ਸ਼ਾਹੀ ਖਜ਼ਾਨੇ ਨੂੰ ਵੀ ਲੁੱਟਣ ਦੀ ਕੋਸ਼ਿਸ਼ ਕੀਤੀ, ਪਰ ਪਕੜੇ ਗਏ ਤੇ ਆਪਣੀ ਕੀਤੀ ਦਾ ਫਲ ਭੁਗਤਿਆ।

ਬਾਉਲੀ ਸਾਹਿਬ—

ਸਿੱਖ ਸੰਗਤਾਂ ਦੀ ਮੁਖ ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ ਗੁਰੂ ਸਾਹਿਬਾਂ ਇਕ ਅਜਿਹੀ ਬਾਉਲੀ ਬਣਾਉਣ ਦਾ ਫ਼ੈਸਲਾ ਕੀਤਾ, ਜਿਸ ਦੇ ਵਿਚ ਖੂਹ ਹੋਵੇ ਤੇ ਉਸ ਦਾ ਪਾਣੀ ਨਿਰਮਲ ਪੀਣ ਲਾਇਕ ਹੋਵੇ। ਸੰਗਤਾਂ ਖੁਲ੍ਹੇ ਇਸ਼ਨਾਨ ਕਰ ਸਕਣ। ਅਜਿਹੀ ਸੁਹਣੀ ਸੀਤਲ ਥਾਂ ਹੋਵੇ, ਜਿਥੇ ਕਿ ਜੀਵ ਦਾ ਮਨ ਭਜਨ ਬੰਦਗੀ ਵਿਚ ਲਗ ਜਾਵੇ। ਗੁਰੂ ਕੇ ਲੰਗਰ ਲਈ, ਖੇਤੀ ਬਾੜੀ ਲਈ, ਬਾਗ਼ ਬਗ਼ੀਚੇ ਲਈ ਤੇ ਮਾਲ ਡੰਗਰ ਵਾਸਤੇ ਪਾਣੀ ਅਤੁਟ ਹੋਵੇ। ਭਾਵ ਹਰ ਤਰ੍ਹਾਂ ਦੀ ਸਿਖ ਸੰਗਤਾਂ ਨੂੰ ਸੁਖਿਆਈ ਹੋ ਜਾਵੇ। ਇਸ ਮਹਾਨ ਕਾਰਜ ਦੀ ਸੇਵਾ ੧੫੫੨ ਵਿਚ ਸ਼ੁਰੂ ਹੋ ਗਈ। ਇਸ ਦਾ ਪਹਿਲਾ ਟੱਪ ਬਾਬਾ ਬੁੱਢਾ ਜੀ ਨੇ ਲਾਇਆ। ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਬਾਬਾ ਬੁਢਾ ਜੀ ਤੇ ਸਿਖ ਸੰਗਤਾਂ ਦੀ ਲਗਾਤਾਰ ਛੇ ਸਾਲ ਦੀ ਸੇਵਾ ਤੋਂ ਬਾਅਦ ੧੫੫੮ ਵਿਚ ਬਾਉਲੀ ਸਾਹਿਬ ਦੀ ਅਸਾਥਾਪਨਾ ਹੋ ਗਈ। ਬਾਉਲੀ ਸਾਹਿਬ ਦੇ ਬਣਨ ਨਾਲ ਸਿੱਖਾਂ ਨੂੰ ਆਪਣੇ ਧਰਮ ਵਿਚ ਅਡੋਲਤਾ ਆ ਗਈ। ਸਿੱਖ ਸੰਗਤਾਂ ਵਿਸਾਖੀ, ਮਾਘੀ ਤੇ ਦਿਵਾਲੀ ਦੇ ਤਿਉਹਾਰਾਂ ਤੇ ਹੁੰਮ-ਹੁੰਮਾ ਕੇ ਪੁਜਣ ਲਗ ਪਈਆਂ। ਬਾਉਲੀ ਸਾਹਿਬ ਇਕ ਤੀਰਥ ਬਣ ਗਿਆ। ਬਾਉਲੀ ਸਾਹਿਬ ਦੀਆਂ ਚੁਰਾਸੀ ਪਉੜੀਆਂ ਹਨ, ਸਿਖ ਸੰਗਤਾਂ ਇਸ਼ਨਾਨ ਕਰ ਕੇ ਹਰ ਪਉੜੀ ਤੇ ਜਪੁਜੀ ਸਾਹਿਬ ਦਾ ਪਾਠ ਕਰਦੀਆਂ ਹਨ। ਭਾਵ ਲਗਾਤਾਰ ਚੁਰਾਸੀ ਵਾਰੀ ਇਸ਼ਨਾਨ ਤੇ ਪਾਠ ਕੀਤਾ ਜਾਂਦਾ ਹੈ। ਇਸ ਆਸ਼ੇ ਦੇ ਨਾਲ ਕਿ ਚੁਰਾਸੀ ਲੱਖ ਜੂਨੀਆਂ ਦਾ ਆਵਾਗਉਣ ਕੱਟਿਆ ਜਾਵੇਗਾ।

ਪ੍ਰਚਾਰ ਦੌਰਾ—

ਗੋਇੰਦਵਾਲ ਤੋਂ ਗੁਰੂ ਅਮਰਦਾਸ ਜੀ, ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਤੇ ਕੁਝ ਹੋਰ ਸਿਖਾਂ ਸਵਕਾਂ ਸਮੇਤ ਜਗਤ ਦਾ ਉਧਾਰ ਕਰਨ ਲਈ ੧੫੫੮ ਵਿਚ ਹਿੰਦੂ ਤੀਰਥਾਂ ਤੇ ਗਏ। ਦੁਆਬੇ ਵਿਖੇ ਪ੍ਰਚਾਰ ਕਰਦੇ ਹੋਏ ਕੁਰੂਖੇਤਰ ਪੁਜੇ। ਇਥੇ ਕੁਝ ਦਿਨ ਡੇਰਾ ਕਰਨ ਉਪਰੰਤ ਕਰਨਾਲ, ਪਾਨੀਪਤ ਤੇ ਜਮਨਾ ਕਿਨਾਰੇ ਡੇਰਾ ਲਗਾਇਆ। ਜਦੋਂ ਜਮਨਾ ਪਾਰ ਕਰਨ ਲੱਗੇ ਤਦ ਯਾਤਰੂਆਂ ਤੋਂ ਟੈਕਸ ਮੰਗਿਆ ਗਿਆ, ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ ਤੇ ਕਿਹਾ ਕਿ ਧਾਰਮਿਕ ਜੋੜ ਮੇਲਿਆਂ ਤੇ ਟੈਕਸ ਨਹੀਂ ਹੋਣਾ ਚਹੀਦਾ। ਸਾਂਝੀ ਹਕੂਮਤ ਲਈ ਇਹ ਜਾਇਜ਼ ਨਹੀਂ ਹੈ। ਗੁਰੂ ਜੀ ਦੀ ਪ੍ਰੇਰਨਾ



www.AKJ.Org

ਦੇ ਨਾਲ ਹਕੂਮਤ ਨੇ ਯਾਤਰੂਆਂ ਤੋਂ ਟੈਕਸ ਦੀ ਛੋਟ ਕਰ ਦਿਤੀ। ਇਸ ਸਾਲ ਅਭੀਚ, ਸੂਰਜ ਗ੍ਰਹਿਣ ਦਾ ਮੌਕਾ ਸੀ, ਜਿਸ ਤੇ ਹਜ਼ਾਰਾਂ ਹੀ ਹਿੰਦੂ ਯਾਤਰੂ ਹਰਦੁਆਰ ਪਹੁੰਚ ਕੇ ਇਸ਼ਨਾਨ ਤੇ ਦਾਨ ਪੁੰਨ ਕਰਦੇ ਹਨ। ਗੁਰੂ ਜੀ ਵੀ ਖ਼ਾਸ ਤੌਰ ਤੇ ਇਸ ਮੌਕੇ ਤੇ ਪੁੱਜੇ, ਤਾਂਕਿ ਸੰਸਾਰ ਦੇ ਲੋਕਾਂ ਨੂੰ ਅਗਿਆ-ਨਤਾ, ਭਰਮਾਂ ਤੇ ਵਹਿਮਾਂ ਤੋਂ ਕੱਢਿਆ ਜਾਵੇ। ਨਾਮ ਬਾਣੀ ਭਜਨ ਬੰਦਗੀ ਵਲ ਪ੍ਰੇਰ ਕੇ ਤੀਰਥਾਂ ਦੇ ਅਸਲੀ ਮੰਤਵ ਨੂੰ ਸਮਝਾਇਆ ਜਾਵੇ। ਹਰਦੁਆਰ ਪੁੱਜ ਕੇ ਗੁਰੂ ਜੀ ਨੇ ਉਥੋਂ ਦੇ ਪੰਡਤਾਂ, ਜੋਗੀਆਂ ਤੇ ਸੰਨਿਆਸੀਆਂ ਦੇ ਨਾਲ ਵਿਚਾਰ ਗੋਸ਼ਟ ਕੀਤੀ। ਇਸ ਅਸਥਾਨ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਨਾਮ ਬਾਣੀ ਤੇ ਕੀਰਤਨ ਦਾ ਪ੍ਰਵਾਹ ਚਲਾਇਆ।

ਮਗਰੋਂ ਇਸ ਯਾਤਰਾ ਦਾ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸ਼ਬਦ ਵਿਚ ਵਰਨਣ ਕੀਤਾ ਹੈ :–

ਤੁਖਾਰੀ ਮਹਲਾ ੪

ਨਾਵਣੁ ਪੁਰਬੁ ਅਭੀਚੁ
ਗੁਰ ਸਤਿਗੁਰ ਦਰਸੁ ਭਇਆ ॥...
ਹਰਿ ਆਪਿ ਕਰਤੈ ਪੁਰਬੁ ਕੀਆ
ਸਤਿਗੁਰੂ ਕੁਲਖੇਤਿ ਨਾਵਣ ਗਇਆ ॥...
ਅਨਦਿਨੁ ਭਗਤਿ ਬਣੀ
ਖਿਨੁ ਖਿਨੁ ਨਿਮਖ ਵਿਖਾ ॥...
ਦੁਤੀਆ ਜਮੁਨ ਗਏ
ਗੁਰਿ ਹਰਿ ਹਰਿ ਜਪਨੁ ਕੀਆ ॥...
ਆਢੁ ਦਾਮੁ ਕਿਛੁ ਪਇਆ ਨ ਬੋਲਕ
ਜਾਗਾਤੀਆ ਮੋਹਣ ਮੁੰਦਣਿ ਪਈ ॥...
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥
ਮਿਲਿ ਆਏ ਨਗਰ ਮਹਾਜਨਾ
ਗੁਰ ਸਤਿਗੁਰ ਓਟ ਗਹੀ ॥ [ਪੰ: ੧੧੧੬-੧੭

ਪੜਦੇ ਦਾ ਰਿਵਾਜ--

ਗੁਰੂ ਜੀ ਨੇ ਘੁੰਡ ਕੱਢਣ, ਪੜਦੇ ਦੇ ਰਿਵਾਜ ਨੂੰ ਦੂਰ ਕੀਤਾ। ਗੁਰੂ ਸਾਹਿਬਾਂ ਦਾ ਹੁਕਮ ਸੀ ਕਿ ਜੋ ਵੀ ਇਸਤ੍ਰੀ ਗੁਰ ਦਰਬਾਰ ਅੰਦਰ ਆਵੇ, ਉਹ ਘੁੰਡ ਨਾ ਕਢੇ। ਇਸ ਪੜਦੇ ਸਬੰਧੀ ਇਕ ਸਾਖੀ ਵੀ ਆਉਂਦੀ ਹੈ। ਇਕ ਵੇਰਾਂ ਰਾਜਾ ਹਰੀਪੁਰ ਦੀ ਰਾਣੀ ਗੁਰ ਦਰਬਾਰ ਅੰਦਰ ਪੜਦੇ ਨਾਲ ਆਈ, ਗੁਰੂ ਸਾਹਿਬਾਂ ਸਹਿਜ ਸੁਭਾ ਫੁਰਮਾਇਆ, 'ਇਹ ਕਮਲੀ ਕੌਣ ਹੈ ?'' ਰਾਣੀ ਉਸੇ ਵੇਲੇ ਝੱਲੀ ਹੋ ਗਈ। ਸੰਗਤਾਂ ਨੇ ਉਸ ਰਾਣੀ ਦੀ ਭੁਲ ਲਈ ਖਿਮਾ ਮੰਗੀ, ਸਦ ਬਖਸ਼ਿੰਦ ਗੁਰੂ ਜੀ ਨੇ ਉਸ ਦੀ ਭੁਲ ਬਖਸ਼ੀ। ਰਾਣੀ ਅਰੋਗ ਹੋ ਗਈ ਤੇ ਉਸ ਨੇ ਸਿਖ ਧਰਮ ਅਪਣਾ ਲਿਆ। ਇਸ ਘਟਨਾ ਤੋਂ ਬਾਅਦ ਪੜਦੇ ਦੀ ਮਨਮਤ ਸਿਖਾਂ ਵਿਚੋਂ ਬਿਲਕੁਲ ਉਡ ਗਈ।

ਸਤੀ ਦੀ ਰਸਮ--

ਇਹ ਅਤਿ ਭੈੜੀ ਰਸਮ ਸਦੀਆਂ ਤੋਂ ਚਲੀ ਆ ਰਹੀ ਸੀ। ਇਹ ਇਕ ਸਮਾਜਕ ਕਲੰਕ ਸੀ। ਇਸਤ੍ਰੀ ਨੂੰ ਉਸ ਦੇ ਪਤੀ ਦੇ ਮਰਨ ਤੇ ਉਸ ਦੇ ਨਾਲ ਹੀ ਜੀਉਂਦੀ ਨੂੰ ਚਿਖਾ ਵਿਚ ਸੜਨਾ ਪੈਂਦਾ ਸੀ। ਕਈ ਵਾਰੀ ਜੇ ਇਸਤ੍ਰੀ ਦੀ ਨਾ ਵੀ ਮਰਜ਼ੀ ਹੋਵੇ ਤਦ ਵੀ ਉਸ ਨੂੰ ਹਿੰਦੂ ਧਰਮ ਮੁਤਾਬਿਕ ਸਤੀ ਹੋਣਾ ਜ਼ਰੂਰੀ ਸੀ। ਗੁਰੂ ਸਾਹਿਬਾਨ ਨੇ ਇਸ ਦੇ ਵਿਰੁਧ ਆਵਾਜ਼ ਉਠਾਈ। ਅਕਬਰ ਬਾਦਸ਼ਾਹ ਨੂੰ ਵੀ ਪ੍ਰੇਰਿਆ ਕਿ ਉਹ ਇਸ ਭੈੜੀ ਰਸਮ ਦੇ ਵਿਰੁਧ ਸਰਕਾਰੀ ਕਾਨੂੰਨ ਬਣਾਵੇ। ਸ੍ਰੀ ਗੁਰੂ ਅਮਰਦਾਸ ਜੀ ਸਤੀਆਂ ਸਬੰਧੀ ਫੁਰਮਾਉਂਦੇ ਹਨ :–

ਸਲੋਕ ਮ: ੩–ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥ ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥੧॥

ਮ: ੩–ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ ॥੨॥ (ਪੰਨਾ ੭੮੭)

ਜ਼ਾਤ ਪਾਤ ਤੇ ਛੂਤ ਛਾਤ ਦਾ ਖੰਡਨ--

ਇਨਸਾਨ ਦੀਆਂ ਆਪਣੀਆਂ ਬਣਾਈਆਂ ਹੋਈਆਂ ਉੱਚੀਆਂ ਨੀਵੀਆ ਜਾਤਾਂ ਦੇ ਕਾਰਨ ਉਚੀਆਂ ਜਾਤਾ ਵਾਲੇ ਨੀਵੀਆਂ ਜਾਤਾਂ ਵਾਲਿਆਂ ਨੂੰ ਘਿਰਣਾ ਕਰਦੇ ਸਨ। ਉਚੀਆਂ ਜਾਤਾਂ ਵਾਲਿਆਂ ਨੂੰ ਆਪਣੀਆਂ ਜਾਤਾਂ ਦਾ ਬੜਾ ਗੁਮਾਨ ਹੁੰਦਾ ਸੀ। ਜਾਤ ਅਭਿਮਾਨੀਆਂ ਦਾ ਸਤਿਗੁਰੂ ਜੀ ਨੇ ਖੰਡਨ ਕੀਤਾ ਤੇ ਸ਼ਬਦ ਰਾਹੀਂ ਸਮਝਾਇਆ :–

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ ॥੧॥

www.AKJ.Org

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥
ਰਹਾਉ॥ [ਭੈਰਉ ਮ: ੩, ਪੰਨਾ ੧੧੨੮

ਉਸ ਵੇਲੇ ਦੇ ਹਾਲਾਤ ਅਜਿਹੇ ਸਨ ਕਿ ਉੱਚੀ ਜਾਤ ਵਾਲਾ ਇਨਸਾਨ ਨੀਵੀਂ ਜਾਤ ਦੇ ਛੂਹਣ ਨਾਲ ਹੀ ਭਿਟਿਆ ਜਾਂਦਾ ਸੀ। ਅਜਿਹੇ ਭੇਦ ਭਾਵ ਤੇ ਵਿਤਕਰੇ ਦੂਰ ਕਰਨ ਲਈ ਗੁਰੂ ਜੀ ਵਲੋਂ ਨਿਕੇ ਵੱਡੇ ਸਭ ਲਈ ਪੰਗਤ ਵਿਖ ਬੈਠ ਕੇ ਲੰਗਰ ਛੱਕਣ ਦਾ ਹੁਕਮ ਸੀ। ਇਸ ਦੇ ਨਾਲ ਛੂਤ ਛਾਤ ਦਾ ਵਿਤ-ਕਰਾ ਹਟਦਾ ਗਿਆ ਤੇ ਮਨੁੱਖੀ ਜ਼ਾਤ ਦਾ ਪਰਸਪਰ ਪਿਆਰ ਵਧਦਾ ਗਿਆ।

ਸਿੱਖੀ ਪ੍ਰਚਾਰ–

ਸਿੱਖ ਧਰਮ ਦੇ ਪ੍ਰਚਾਰ ਨੂੰ ਪੱਕਾ ਜਥੇਬੰਦ ਕਰਨ ਲਈ ਗੁਰੂ ਜੀ ਨੇ ਸਿੱਖਾਂ ਦੀ ਵੱਸੋਂ ਨੂੰ ੨੨ ਹਿਸਿਆਂ ਵਿਚ ਵੰਡਿਆ। ਗੁਰਸਿੱਖੀ ਦੇ ਪ੍ਰਚਾਰ ਲਈ ਬਾਈ ਸੂਝਵਾਨ ਪ੍ਰਚਾਰਕ ਨਿਯੁਕਤ ਕੀਤੇ । ਜਿਨ੍ਹਾਂ ਨੂੰ ੨੨ ਮੰਜੀਆਂ ਦਾ ਨਾਂ ਦਿਤਾ ਗਿਆ । ਹਰ ਇਕ ਮੰਜੀ ਲਈ ਯੋਗ ਮੁਖੀ ਸਿੱਖ ਥਾਪਿਆ ਗਿਆ, ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ .–

੧. ਭਾਈ ਸਾਵਣ ਮੱਲ, ੨. ਭਾਈ ਗੰਗੂ ਸ਼ਾਹ. ੩. ਭਾਈ ਸੁੱਖਣ, ੪. ਭਾਈ ਅੱਲਾ ਯਾਰ. ੫. ਭਾਈ ਸਾਧਾਰਨ, ੬. ਭਾਈ ਕੇਦਾਰੀ, ੭. ਭਾਈ ਮਾਈਦਾਸ, ੮. ਭਾਈ ਮਹੇਸ਼ਾ, ੯. ਭਾਈ ਮਾਣਕ ਚੰਦ, ੧੦.ਭਾਈ ਦਰਬਾਰੀ, ੧੧. ਭਾਈ ਰੰਗ ਸ਼ਾਹ, ੧੨. ਭਾਈ ਲਾਲੋ, ੧੩. ਭਾਈ ਪਾਰੋ, ੧੪. ਭਾਈ ਬੂਆ, ੧੫. ਭਾਈ ਰਾਜਾ ਰਾਮ, ੧੬.ਭਾਈ ਮੁਰਾਰੀ, ੧੭. ਭਾਈ ਹੰਦਾਲ, ੧੮. ਭਾਈ ਫੇਰਾ, ੧੯.ਭਾਈ ਸੱਚਨ ਸੱਚ, ੨੦.ਭਾਈ ਰੰਗਦਾਸ, ੨੧. ਭਾਈ ਖੇੜਾ, ੨੨. ਭਾਈ ਬੇਣੀ।

ਗੁਰਬਾਣੀ–

ਸ੍ਰੀ ਗੁਰੂ ਅਮਰਦਾਸ ਜੀ ਨੇ ਬਾਈ ਸਾਲਾਂ ਦੀ ਗੁਰਿਆਈ ਸਮੇਂ ੧੫੫੨ ਤੋਂ ੧੫੭੪ ਤੱਕ ਸਤਾਰ੍ਹਾਂ ਰਾਗਾਂ ਵਿਚ ਬਾਣੀ ਉਚਾਰੀ । ਸ੍ਰੀ ਗੁਰੂ ਅਮਰਦਾਸ ਜੀ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ ।

ਅਨੰਦੁ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਾਹਕਾਰ ਬਾਣੀ ਹੈ । ਸਿਖ ਰਹਿਤ ਅਤੇ ਗੁਰ-ਮਰਯਾਦਾ ਅਨੁਸਾਰ ਹਰ ਖੁਸ਼ੀ ਗਮੀ, ਸੰਜੋਗ ਵਿਜੋਗ 'ਤੇ ਅਨੰਦੁ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਗੁਰਸਿਖ ਦਾ ਜਨਮ ਤੋਂ ਲੈ ਕੇ ਮਰਨ ਤੱਕ ਜ਼ਿੰਦਗੀ ਦਾ ਹਰ ਛੋਟਾ ਵੱਡਾ ਕਾਰਜ ਅਨੰਦੁ ਸਾਹਿਬ ਦੇ ਨਾਲ ਹੀ ਸੰਪੂਰਨ ਹੁੰਦਾ ਹੈ।

ਗੁਰ-ਗੱਦੀ–

ਗੋਇੰਦਵਾਲ ਸਾਹਿਬ ਜਦੋਂ ਬਾਉਲੀ ਸਾਹਿਬ ਬਣਨੀ ਅਰੰਭ ਹੋਈ, ਓਦੋਂ ਤੋਂ ਹੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਜਾਨਣ ਲੱਗ ਪਏ ਸਨ। ਭਾਈ ਜੇਠਾ ਜੀ ਦੇ ਮਿੱਠੇ ਸੁਭਾ ਅਤੇ ਸੇਵਾ ਤੋਂ ਗੁਰੂ ਜੀ ਐਨੇ ਪ੍ਰਭਾਵਤ ਹੋਏ ਕਿ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ੧੫੫੩ ਵਿਚ ਭਾਈ ਜੇਠਾ ਜੀ ਨਾਲ ਕਰ ਦਿਤੀ । ਸ੍ਰੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਤਕਰੀਬਨ ਬਾਈ ਸਾਲ ਪਰਖਦੇ ਰਹੇ। ਪ੍ਰੀਖਿਆ ਉਨ੍ਹਾਂ ਆਪਣੇ ਸਪੁੱਤਰਾਂ ਭਾਈ ਮੋਹਨ ਜੀ, ਭਾਈ ਮੋਹਰੀ ਜੀ ਤੇ ਬੀਬੀ ਦਾਨੀ ਜੀ ਦੇ ਪਤੀ ਭਾਈ ਰਾਮਾ ਜੀ ਦੀ ਵੀ ਲਈ। ਪਰ ਪ੍ਰੀਖਿਆ ਵਿਚ ਭਾਈ ਜੇਠਾ ਜੀ ਹੀ ਪ੍ਰਥਮ ਰਹੇ।

ਭਾਈ ਜੇਠਾ ਜੀ ਦੀ ਸਾਲਾਂ ਬੱਧੀ ਸੇਵਾ ਤੋਂ ਇਲਾਵਾ ਨਿਰਮਾਣਤਾ, ਸਹਿਨਸ਼ੀਲਤਾ, ਅਭੇਦਤਾ, ਧੀਰਜ ਅਤੇ ਗੰਭੀਰਤਾ ਤੋਂ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਸੀ ਕਿ ਗੁਰ-ਗੱਦੀ ਦੀ ਜ਼ਿੰਮੇ-ਵਾਰੀ ਸੰਭਾਲਣ ਦੇ ਇਹ ਹੀ ਯੋਗ ਹਨ।

ਸ੍ਰੀ ਗੁਰੂ ਅਮਰਦਾਸ ਜੀ ਨੇ ੧੫੭੪ ਵਿਚ ਭਾਈ ਵਿਚ ਭਾਈ ਜੇਠਾ ਜੀ ਨੂੰ ਗੁਰ-ਗੱਦੀ ਬਖਸ਼ ਕੇ 'ਗੁਰੂ' ਰਾਮਦਾਸ ਜੀ ਦੀ ਪਦਵੀ ਦੇ ਦਿਤੀ । ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਵਾਇਆ। ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰੂ ਕਾ ਵਸਾਉਣ ਦਾ ਆਦੇਸ਼ ਦਿਤਾ।

ਜੋਤੀ ਜੋਤਿ–

ਸ੍ਰੀ ਗੁਰੂ ਅਮਰਦਾਸ ਜੀ ਇਕ ਮਹਾਨ ਸ਼ਖ਼ਸੀਅਤ ਸਨ । ਸ੍ਰੀ ਗੁਰੂ ਅਮਰਦਾਸ ਜੀ ਉੱਚ ਦ੍ਰਿਸ਼ਟੀ ਵਾਲੇ ਪਰਉਪਕਾਰੀ, ਉਤਸ਼ਾਹੀ, ਸੂਝਵਾਨ, ਪ੍ਰਚਾਰਕ, ਨੀਤੀਵੇਤਾ, ਪ੍ਰਬੰਧਕ, ਮਨੁੱਖਤਾ ਦੇ ਕਦਰਦਾਨ, ਨਿੰਮਰਤਾ ਦੇ ਪੁੰਜ, ਮਹਾਨ ਕਿਰਪਾਲੂ, ਉੱਚ ਕੋਟੀ ਦੇ ਸਮਾਜ ਸੁਧਾਰਕ ਤੇ ਜਗਤ ਉਧਾਰਕ ਸਨ।

ਸ੍ਰੀ ਗੁਰੂ ਅਮਰਦਾਸ ਜੀ ੯੫ ਵਰ੍ਹੇ ਤਿੰਨ ਮਹੀਨੇ, ੨੩ ਦਿਨ ਦੀ ਅਵਸਥਾ ਭੋਗ ਕੇ ਸੰਨ ੧੫੭੪ ਵਿਚ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾਏ।


www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ ਦਾ ਸ਼ਹੀਦੀ ਸਾਕਾ

(ਵਲੋਂ :—ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ)

ਹਰ ਸਾਲ ਵਾਂਗੂ ਆਸ਼ਕ ਸ਼ਬਦ-ਗੁਰ ਦੇ, ਜੱਥੇ ਨੇੜੇ ਦੁਰੇਡਿਉਂ ਆਏ ਹੋਏ ਸਨ।
ਕੀਰਤਨ ਰੈਣ ਸਬਾਈ ਦਾ ਸੁਣਨ ਖ਼ਾਤਰ, ਅਜੀਤ ਨਗਰ ਦੇ ਵਿਚ ਡੇਰੇ ਲਾਏ ਹੋਏ ਸਨ।
ਨਾਮ ਰੰਗਣ ਵਿਚ ਰੰਗੀਆਂ ਬੀਬੀਆਂ ਨੇ, ਸਿਰਾਂ ਉਤੇ ਦਸਤਾਰੇ ਸਜਾਏ ਹੋਏ ਸਨ।
ਕਲਗੀਧਰ ਦੇ ਸੰਤ ਸਿਪਾਹੀ ਪੁਤਰਾਂ, ਬਾਣੇ ਸਿੰਘਾਂ ਵਾਲੇ ਸੋਹਣੇ ਪਾਏ ਹੋਏ ਸਨ। ੧।

ਅੰਮ੍ਰਿਤਸਰ ਵਿਚ ਨਕਲੀ ਨਿਰੰਕਾਰੀਏ ਵੀ, ਆਪਣੇ ਆਗੂ ਦੇ ਕਹੇ ਤੇ ਆ ਰਹੇ ਸਨ।
ਪਹਿਲੀ ਵਾਰ ਉਹ ਇਥੇ ਇਕੱਠੇ ਹੋਏ, ਆਪਣੀ ਸ਼ਕਤੀ ਦਾ ਜ਼ੋਰ ਵਿਖਾ ਰਹੇ ਸਨ।
ਉਨ੍ਹਾਂ ਗੁਰ-ਨਿੰਦਕਾਂ ਇਕ ਜਲੂਸ ਕੱਢਿਆ, ਨਾਹਰੇ 'ਸ਼ਬਦ ਵਿਰੋਧੀ' ਉਹ ਲਾ ਰਹੇ ਸਨ।
ਜਾਮ, ਕਾਮ ਦੇ ਨਸ਼ੇ ਵਿਚ ਮਤੇ ਹੋਏ, ਸਿੱਖ ਹਿਰਦਿਆਂ ਨੂੰ ਉਹ ਤੜਫਾ ਰਹੇ ਸਨ। ੨।

ਮੰਜੀ ਸਾਹਿਬ ਦੇ ਭਰੇ ਦੀਵਾਨ ਅੰਦਰ, ਸਿੰਘਾਂ ਕਿਹਾ ਗੁਰ-ਨਿੰਦਾ ਨਹੀਂ ਸਹਿ ਸਕਦੇ।
ਨੱਥ ਪਾਉ ਨਕਲੀ ਨਿਰੰਕਾਰੀਆਂ ਨੂੰ, ਇਹ ਕਹੇ ਬਿਨ ਅਸੀਂ ਨਹੀਂ ਰਹਿ ਸਕਦੇ।
ਜੋ ਕੁਝ ਉਨ੍ਹਾਂ ਜਲੂਸ ਵਿਚ ਬਕਿਆ ਏ, ਸਿੰਘ ਸੁਣ ਕੇ ਚੁੱਪ ਨਹੀਂ ਬਹਿ ਸਕਦੇ।
ਚਲੋ ਰੋਸ ਤੇ ਠੋਸ ਵਿਚਾਰ ਕਰੀਏ, ਨਕਲੀ ਆਗੂ ਨੂੰ ਕੀ ਨਹੀਂ ਕਹਿ ਸਕਦੇ। ੩।

ਅਖੰਡ ਕੀਰਤਨੀ ਜਥੇ ਨੂੰ ਸੱਦਾ ਦਿੱਤਾ, ਆਓ ਗੁਰੂ ਖ਼ਾਤਰ ਜਿਸ ਨੇ ਜਾਵਣਾ ਏ।
ਤੁਸਾਂ ਰੋਕਣਾ ਬਾਣੀ ਦੇ ਨਿੰਦਕਾਂ ਨੂੰ, ਸ਼ਾਂਤੀ ਸਬਰ ਦੇ ਨਾਲ ਸਮਝਾਵਣਾ ਏ।
ਤੁਸਾਂ ਭੈ ਨਹੀਂ ਦੇਵਣਾ ਕਿਸੇ ਤਾਈਂ, ਭੈ ਕਿਸੇ ਤੋਂ ਮੂਲ ਨਹੀਂ ਖਾਵਣਾ ਏ।
ਜੱਥੇ ਨਾਲ ਉਹ ਸਜਣ ਨ ਮੂਲ ਚਲਣ, ਜਿਨ੍ਹਾਂ ਮੌਤ ਦੇ ਕੋਲੋਂ ਘਬਰਾਵਣਾ ਏ। ੪।

ਸੱਚੇ ਸਿਦਕੀ ਸਿੰਘ ਉਠ ਤਿਆਰ ਹੋਏ, ਜਾ ਰਲੇ ਉਹ ਵੀਰਾਂ ਵਿਚਕਾਰ ਸੋਹਣੇ।
ਬਾਂਕੇ ਛੈਲ ਛਬੀਲੇ ਗੁਰਮੁਖ ਵੀਰਨ, ਭਾਈ ਫੌਜਾ ਸਿੰਘ ਹੈਸਨ ਸਰਦਾਰ ਸੋਹਣੇ।
ਇਹ ਲਾਲ ਗੁਲਾਲ ਗੋਬਿੰਦ ਸਿੰਘ ਦੇ, ਚੁਣੇ ਖਾਲਸੇ ਨੇ ਜਥੇਦਾਰ ਸੋਹਣੇ।
ਹੱਟੀ ਕੁਫ਼ਰ ਦੀ ਬੰਦ ਕਰਾਉਣ ਖ਼ਾਤਰ, ਜਥੇ ਪਾਏ ਚਾਲੇ ਛਡਿ ਪਰਵਾਰ ਸੋਹਣੇ। ੫।

ਉਧਰ ਨਕਲੀ ਆਗੂ ਪੰਡਾਲ ਦੇ ਵਿਚ, ਆਪਣਾ ਸੰਗਤੀ ਸੰਮੇਲਨ ਮਨੱਾ ਰਿਹਾ ਸੀ।
'ਗੁਰੂ ਗ੍ਰੰਥ' ਜਿਸ ਨੂੰ ਸਿਖ ਪੰਥ ਮੰਨਦਾ, ਉਸ ਦੀ ਨਿੰਦਾ ਮਖ਼ੌਲ ਉਡਾ ਰਿਹਾ ਸੀ।
ਸਿੰਘਾਂ ਨਾਲ ਜੋ ਪਿਛੇ ਸੀ ਟਕਰ ਹੋਈ, ਉਹ ਸੁਣਾ ਕੇ ਜੋਸ਼ ਦਿਵਾ ਰਿਹਾ ਸੀ।
ਉਸ ਪਾਸੇ ਹੀ ਜਥੇ ਨੇ ਮੂੰਹ ਕੀਤਾ, ਜਿਧਰ ਗੁਰੂ-ਡੰਮ 'ਬਚਨਾ' ਫੈਲਾ ਰਿਹਾ ਸੀ। ੬।

ਜਥਾ ਪੁੱਲ ਭੰਡਾਰੀ ਦੇ ਕੋਲ ਪੁੱਜਿਆ, ਕਿਹਾ ਪੁਲਸ ਨੇ ਅੱਗੇ ਨਹੀਂ ਜਾਣ ਦੇਣਾ।
ਵਾਤਾਵਰਨ ਖਿਚਾਅ ਦਾ ਬਹੁਤ ਬਣਿਆ, ਅਸਾਂ ਇਸ ਤਰ੍ਹਾਂ ਸ਼ੋਰ ਨਹੀਂ ਪਾਣ ਦੇਣਾ।
ਤੁਸੀਂ ਪੁੱਛਣੀ ਚਾਹੋਗੇ ਗੱਲ ਜਿਹੜੀ, ਉਸ ਦਾ ਉਤਰ ਇਥੇ ਤੁਹਾਨੂੰ ਆਣ ਦੇਣਾ।
ਉਤਰ ਮਿਲਿਆ ਸੰਮੇਲਨ ਨਹੀਂ ਬੰਦ ਕਰਦੇ, ਪਿਛੇ ਮੁੜੋ, ਨਹੀਂ ਮੋਰਚਾ ਲਾਣ ਦੇਣਾ। ੭।

ਸੂਰਬੀਰ ਤੇ ਬਚਨ ਦੇ ਬਲੀ ਸਿੰਘਾਂ, ਕਿਹਾ ਪੁਲਸ ਨੂੰ ਸਾਨੂੰ ਅਟਕਾਓ ਨਾਹੀਂ।
ਸਿੱਖ ਅਰਦਾਸ ਕਰ ਕੇ ਪਿਛੇ ਮੁੜਦੇ ਨਹੀਂ, ਸਾਡੇ ਸਿਦਕ ਨੂੰ ਤੁਸੀਂ ਅਜ਼ਮਾਓ ਨਾਹੀਂ।

www.AKJ.Org

ਸਿੰਧ ਅਟਕ ਸਕਦੈ, ਸਿੱਖ ਨਹੀਂ ਅਟਕ ਸਕਦੇ, ਸਾਨੂੰ ਵੇਖ ਕੇ ਤੁਸੀਂ ਘਬਰਾਓ ਨਾਹੀਂ।
ਅਸਾਂ ਸਬਰ ਤੇ ਜ਼ਬਤ ਦੇ ਵਿਚ ਰਹਿਣਾ, ਤੁਸੀਂ ਪੁਲਸੀਓ ਜ਼ੋਰ ਵਿਖਾਓ ਨਾਹੀਂ।੮।

ਏਦਾਂ ਗੱਲਾਂ ਕਰਦੇ ਸਿੰਘ ਅੱਗੇ ਚਲ ਪਏ, ਕੀਤਾ ਕਾਰਾ ਕੀ ਅੱਗੋਂ ਨਿਰੰਕਾਰੀਆਂ ਨੇ।
ਦੂਰੋਂ ਵੇਖ ਕੇ ਹੀ ਭੂਤਰ ਪਏ ਸਾਰੇ, ਚੁਕ ਕੇ ਪੱਥਰ ਤੇ ਬੋਤਲਾਂ ਮਾਰੀਆਂ ਨੇ।
ਤੀਰ, ਲਾਠੀਆਂ, ਗੋਲੀਆਂ ਜੋ ਚਲੀਆਂ, ਅਣਖੀ ਸਿੰਘਾਂ ਨੇ ਓਹ ਵੀ ਸਹਾਰੀਆਂ ਨੇ।
ਟੀਅਰ ਗੈਸ ਵੀ ਪੁਲਸ ਨੇ ਬਹੁਤ ਛੱਡੀ, ਐਪਰ ਗੁਰੂ ਦੀਆਂ ਫੌਜਾਂ ਨਾ ਹਾਰੀਆਂ ਨੇ।੯।
ਡੱਟ ਕੇ ਵਧਦੇ ਰਹੇ ਪਿੱਛੇ ਹਟੇ ਨਾਹੀ, ਕੀਤੀ ਕਾਰ ਇਹ ਸਿੰਘਾਂ ਪਿਆਰਿਆਂ ਨੇ।
ਤੇਰ੍ਹਾਂ ਸਿੰਘ ਸ਼ਹੀਦੀਆਂ ਪਾ ਗਏ ਨੇ, ਪਿੱਠ ਦਿਤੀ ਨਾ ਗੁਰੂ ਸਵਾਰਿਆਂ ਨੇ।
ਸਤਰ ਸਿੰਘ ਮੈਦਾਨ ਵਿਚ ਫੱਟੜ ਹੋਏ, ਪ੍ਰਣ ਪੂਰਿਆ ਚਾਨਣ ਮੁਨਾਰਿਆਂ ਨੇ।
ਧੰਨ ਗੁਰੂ ਦੇ ਸਿੰਘਾਂ ਦਾ ਸਿਦਕ ਵੇਖੋ, ਵਣਜ ਕੀਤਾ ਇਹ ਸਿੱਖੀ ਵਣਜਾਰਿਆਂ ਨੇ।੧੦।

ਗੋਲੀ ਚਲੀ ਤੇ ਪਈ ਤੜਥੱਲੀ ਉਥੇ, ਜ਼ਾਲਮ ਜ਼ੁਲਮੀਆਂ ਗੋਲੀਆਂ ਮਾਰੀਆਂ ਨੇ।
ਲਹੂ ਲੁਹਾਨ ਉਥੇ ਸਾਰੀ ਧਰਤਿ ਹੋਈ, ਲਹੂ ਵਿਚ ਲਾਈਆਂ ਸਿੰਘਾਂ ਤਾਰੀਆਂ ਨੇ।
ਕਤਲ ਕਰਨ ਵਾਲੇ ਉਥੋਂ ਕਿੰਨੇ ਭੱਜੇ, ਦਿਤਾ ਭੇਦ ਦਾ ਮੂਲ ਅਧਿਕਾਰੀਆਂ ਨੇ।
ਸ਼ਹੀਦੀ ਜੀਵਨ ਉਨ੍ਹਾਂ ਭੌਰਿਆਂ ਦੇ ਪੜ੍ਹ ਵੇਖੋ, ਕੀਤਾ ਜਿਨ੍ਹਾਂ ਉਪਕਾਰ ਉਪਕਾਰੀਆਂ ਨੇ।੧੧।
ਨਾਮ ਜਪਣ ਵਾਲੇ ਵੰਡ ਛਕਣ ਵਾਲੇ, ਸ਼ਬਦ ਗੁਰੂ ਦੇ ਸੱਚੇ ਮੁਰੀਦ ਹੋਏ।
ਬਾਣੀ ਪੜ੍ਹਨ ਵਾਲੇ ਕੀਰਤਨ ਕਰਨ ਵਾਲੇ, ਅੰਮ੍ਰਿਤਸਰ ਵਿਚ ਜਿਹੜੇ ਸ਼ਹੀਦ ਹੋਏ।
ਸੇਵਾ ਕਰਨ ਵਾਲੇ, ਧਿਆਨ ਧਰਨ ਵਾਲੇ, ਉਹ ਦਰ ਦਰਵੇਸ਼ ਰਸੀਦ ਹੋਏ।
ਸਿਮਰਨ ਨਾਮ ਵਾਲੇ, ਧੀਰਜ ਧਾਮ ਵਾਲੇ, ਧਰਮੀ ਵੀਰ ਸ਼ਹੀਦ ਜਦੀਦ ਹੋਏ।੧੨।

ਇਹ ਲਾਲ ਗੁਲਾਲ ਗੋਬਿੰਦ ਸਿੰਘ ਦੇ, ਪੰਚ ਪਰਵਾਣ ਤੇ ਪੰਚ ਪਰਧਾਨ ਹੈਸਨ।
ਰਣ ਵਿਚ ਡੱਟੇ, ਮੂਲ ਨਾ ਪਿਛੇ ਹੱਟੇ, ਬਾਂਕੇ ਬੀਰ ਬਹਾਦਰ ਜੁਆਨ ਹੈਸਨ।
ਸੂਰਬੀਰ ਤੇ ਗਹਿਰ ਗੰਭੀਰ ਜਿਥੇ, ਓਥੇ ਕਰਣੀ ਦੇ ਵਿਚ ਬਲਵਾਨ ਹੈਸਨ।
ਚੜ੍ਹਦੀ ਕਲਾ ਦੇ ਜਿਥੇ ਪ੍ਰਤੀਕ ਹੈਸਨ, ਉਥੇ ਪੰਥ ਗੁਰੂ-ਗ੍ਰੰਥ ਦੀ ਸ਼ਾਨ ਹੈਸਨ।੧੩।
ਜੇਕਰ ਜਥੇ ਦੀ ਲੜਨ ਦੀ ਨੀਤ ਹੁੰਦੀ, ਆਪਣੇ ਨਾਲ ਫਿਰ ਚੰਗੇ ਹਥਿਆਰ ਖੜਦੇ।
ਪੈਰੋਂ ਨੰਗੇ, ਬਾਣੀ ਪੜ੍ਹਦੇ ਜਾਂਵਦੇ ਨਾ, ਕੁਝ ਪੈਦਲ ਕੁਝ ਘੋੜ-ਸਵਾਰ ਖੜਦੇ।
ਗਲੇ ਗਾਤਰੇ ਪਾਈ ਕਿਰਪਾਨ ਦੇ ਨਾਲ, ਲਿਸ਼ਕਾਂ ਮਾਰਦੀ ਮਾਰੂ ਤਲਵਾਰ ਖੜਦੇ।
ਫਿਰ ਡੇਢ ਸੌ ਸਿੰਘ ਹੀ ਜਾਂਵਦੇ ਨਾ, ਭਾਰੀ ਗਿਣਤੀ ਵਿਚ ਸਿਪਾਹ ਸਲਾਹ ਖੜਦੇ।੧੪।

ਛੁਪੇ ਸੱਚ ਨਾ ਕੋਈ ਛੁਪਾਏ ਭਾਵੇਂ, ਅੰਤ ਕੂੜ ਹੀ ਖਜਲ ਖੁਆਰ ਹੁੰਦਾ।
ਛਿਤਰ ਕੂੜੇ ਦੇ ਸਿਰ ਤੇ ਵਜਦੇ ਨੇ, ਉਹ ਬਦਕਾਰ ਤੇ ਸਦਾ ਬੀਮਾਰ ਰਹਿੰਦਾ।
ਨਾ ਕੁਝ ਕਰਨ ਜੋਗਾ, ਨਾ ਉਹ ਮਰਨ ਜੋਗਾ, ਜਿਸ ਦਾ ਨਸ਼ਿਆਂ ਨਾਲ ਪਿਆਰ ਹੁੰਦਾ।
ਮੂਸਾ ਮੌਤ ਕੋਲੋਂ ਬੇਸ਼ਕ ਭੱਜੀ ਜਾਵੇ, ਅੰਤ ਮੌਤ ਦਾ ਮੂਸਾ ਸ਼ਿਕਾਰ ਹੁੰਦਾ।੧੫।
ਮੂੰਹੋਂ ਬੋਲਦਾ ਸਿੱਖ ਇਤਿਹਾਸ ਜਿਹੜਾ, ਹੁਣ ਤਾਂ ਅੱਖੀਂ ਡਿੱਠਾ ਕਦੇ ਭੁਲਣਾ ਨਹੀਂ।
ਜਿਸ ਨੇ ਲੜ ਫੜਿਆ ਗੁਰੂ ਗ੍ਰੰਥ ਜੀ ਦਾ, ਉਸ ਨੇ ਜਗਤ ਦੇ ਵਿਚ ਕਦੇ ਰਲਣਾ ਨਹੀਂ।
ਅਜ ਦੇ ਆਗੂਆਂ ਤੇ ਸਭ ਨੂੰ ਗਿਲਾ ਭਾਰੀ, ਖ਼ੂਨ ਕੌਮ ਲਈ ਇਨ੍ਹਾਂ ਦਾ ਡੁਲ੍ਹਣਾ ਨਹੀਂ।
ਬਾਹਰੋਂ ਹੋ 'ਉਦਾਸ' ਵਖਿਆਨ ਕਰਦੇ, ਰਣ-ਖੇਤਰ ਦੇ ਵਿਚ ਇਨ੍ਹਾਂ ਜੂਝਣਾ ਨਹੀਂ।੧੬।


www.AKJ.Org

ਸ਼ਹੀਦੀ ਫੰਡ ਜਾਂ ਕੇਂਦਰੀ ਫੰਡ ਲਈ ਡਰਾਫਟ ਚੈਕ ਆਦਿਕ ਕੇਵਲ
"**ਅਖੰਡ ਕੀਰਤਨੀ ਜਥਾ**" ਦੇ ਨਾਂ ਤੇ ਭੇਜੋ, ਹੋਰ ਕੋਈ ਨਾਮ ਨਾ ਲਿਖੋ ਜੀ।

---

# ਚਲਦਾ ਵਹੀਰ ਅੰਮ੍ਰਿਤਸਰ ਵਲੋਂ ਗੁਰਮਤਿ ਪਰਚਾਰ ਤੇ ਅੰਮ੍ਰਿਤ-ਸਿੰਚਾਰ

## ਮਈ ਦੇ ਪ੍ਰੋਗਰਾਮ

**ਜ਼ਿਲਾ ਗੁਰਦਾਸਪੁਰ**—੧ ਮਈ ਪਿੰਡ ਰਾਮਲ (ਉਧੋਵਾਲੀ ਲਾਗੇ), ੨ ਖੁਸ਼ਹਾਲਪੁਰ (ਡੇਰਾ ਰੋਡ, ਬਲੋਲਪੁਰ ਨੇੜੇ), ੩ ਬੱਬਰੀ ਜੀਵਨਵਾਲ (ਪਠਾਨਕੋਟ ਅੰਮ੍ਰਿਤਸਰ ਰੋਡ), ੪ ਭੁੰਬਲੀ (ਧਾਰੀਵਾਲ ਲਾਗੇ ਮਾ: ਜਸਵੰਤ ਸਿੰਘ), ੫ ਜਫਲਵਾਲ (ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ), ੭ ਬ੍ਰਾਹਮਪੁਰ (ਗੁ: ਸਿੰਘ ਸਭਾ), ੮ ਪਠਾਨਕੋਟ (ਗੁ: ਮਲਿਕਪੁਰ ਹਾਈਡਲ ਕਲੋਨੀ ਲਾਗੇ), ੯ ਦੀਨਾ ਨਗਰ (ਗੁ: ਸਿੰਘ ਸਭਾ), ੧੦ ਰੰਗੜ ਨੰਗਲ ਛੋਟਾ (ਮਹਿਤਾ ਬਟਾਲਾ ਰੋਡ)।

**ਜ਼ਿਲਾ ਅੰਮ੍ਰਿਤਸਰ**—੧੧ ਮਈ ਸ੍ਰੀ ਅੰਮ੍ਰਿਤਸਰ ਅਵਤਾਰ ਗੁਰਪੁਰਬ ੫੦੦ ਸਾਲਾ ਸ੍ਰੀ ਗੁਰੂ ਅਮਰਦਾਸ ਜੀ, ੧੨ **ਸ਼ਹੀਦਾਂ ਦੇ ਅਸਥਾਨ** (ਗੁ: ਰਾਮਸਰ ਦੇ ਸਾਹਮਣੇ) ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ, ੧੪ ਮੋਦੇ (ਸ਼ਹੀਦ ਭਾ: ਗੁਰਦਿਆਲ ਸਿੰਘ), ੧੫ ਬੱਚੀ ਵਿੰਡ (ਬਾਰਡਰ ਦੇ ਨੇੜੇ)। ੧੬ ਰਾਜਾ ਤਾਲ (ਅਟਾਰੀ ਦੇ ਪਾਸ), ੧੭ ਗੁ: ਛੇਹਰਟਾ ਚੁੰਗੀ ਲਾਗੇ, ੧੮ ਗੁ: ਸੰਨ੍ਹ ਸਾਹਿਬ ਬਾਸਰਕੇ, ੧੯ ਗੁ: ਗੁਰੂ ਕੀ ਵਡਾਲੀ, ੨੦ ਗੁ: ਬੁਟਾਰੀ (ਪਾਵਰ ਹਾਊਸ ਲਾਗੇ), ੨੧ ਬੁਤਾਲਾ ਜ਼ਿਲਾ ਕਪੂਰਥਲਾ (ਭਾ: ਬਖਸ਼ੀਸ਼ ਸਿੰਘ) **ਜ਼ਿਲਾ ਹੁਸ਼ਿਆਰਪੁਰ**—੨੨ ਮਈ ਤਾਜਪੁਰ ਕਲਾਂ (ਬੁਲ੍ਹੋਵਾਲ ਹਰਿਆਣਾ ਰੋਡ), ੨੩ ਗੀਗਨਵਾਲ, ੨੪ ਸ਼ੇਰਗੜ੍ਹ, ੨੫ ਰਾਜਾ ਕਲਾਂ ੨੬ ਸਵੇਰੇ ਅਖੰਡਪਾਠ ਆਰੰਭ ੨੭ ਸ਼ਾਮ ਮਿਰਜ਼ਾਪੁਰ (ਗੜ੍ਹਦੀਵਾਲ ਲਾਗੇ), ੨੮ ਰਾਜਾ ਕਲਾਂ, ੨੮ ਸ਼ਾਮ ਤੋਂ ੩੧ ਮਈ ਹੁਸ਼ਿਆਰਪੁਰ ਸ਼ਹੀਦੀ ਗੁਰਪੁਰਬ।

**ਨੋਟ**—ਪਿੰਡਾਂ ਵਿਚ ਸ਼ਾਮ ੭ ਤੋਂ ੧੦ ਅਤੇ ਸਵੇਰੇ ੫ ਤੋਂ ੮ ਤਕ ਪ੍ਰੋਗਰਾਮ ਹੋਣਗੇ। ਜਥਾ ਸ਼ਾਮ ਨੂੰ ਪਿੰਡ ਪੁਜੇਗਾ ਅਤੇ ਗੁਰਦਵਾਰਾ ਸਾਹਿਬ ਵਿਖੇ ਪਈਆਂ ਬੀੜਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਯੋਗ ਪਰਬੰਧ ਕਰੇਗਾ।

**ਪੁਛ ਗਿੱਛ** (੧) ਮਾਸਟਰ ਨਿਰੰਜਨ ਸਿੰਘ, ਮੇਹਰ ਚੰਦ ਰੋਡ, ਗੁਰਦਾਸਪੁਰ।
(੨) ਬੀਬੀ ਅਮਰਜੀਤ ਕੌਰ, (੩) ਮਾ: ਜਸਵੰਤ ਸਿੰਘ, ੫੪੨-ਈਸਟ ਮੋਹਨ ਨਗਰ, ਅੰਮ੍ਰਿਤਸਰ।

ਦਾਸਰੇ—ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਸ੍ਰੀ ਅੰਮ੍ਰਿਤਸਰ

---

# ਸ਼ਹੀਦਾਂ ਦੇ ਅਸਥਾਨ ਅੰਮ੍ਰਿਤਸਰ ਵਿਖੇ ਮਾਸਕ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਅੰਮ੍ਰਿਤਸਰ ਵਲੋਂ ਗੁਰਦਵਾਰਾ ਰਾਮਸਰ ਸਾਹਿਬ ਦੇ ਸਾਹਮਣੇ ਸ਼ਹੀਦਾਂ ਦੇ ਅਸਥਾਨ ਤੇ ਮਾਸਕ ਰੈਣ ਸਬਾਈ ੧੨ ਮਈ ਸ਼ਨੀਵਾਰ ਦੀ ਰਾਤ ਨੂੰ ਹੋ ਰਹੀ ਹੈ। ਸੰਗਤਾਂ ਲਾਹੇ ਪ੍ਰਾਪਤ ਕਰਨ।

# ਪਿੰਡ ਰਾਜਾ ਕਲਾਂ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਸਵਰਨ ਦਾਸ ਸਿੰਘ ਸੰਗਤਾਂ ਨੂੰ ਸਨਿਮਰ ਬਿਨੈ ਕਰਦੇ ਹਨ ਕਿ ਉਨ੍ਹਾਂ ਦੇ ਪਿੰਡ ਰਾਜਾ ਕਲਾਂ ਡਾਕਘਰ ਗੜ੍ਹਦੀ-ਵਾਲਾ ਵਿਖੇ ੨੮ ਮਈ ਸੋਮਵਾਰ ਨੂੰ ਸਵੇਰੇ ਹੋ ਰਹੇ ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ ਹੋ ਰਹੇ ਹਨ, ਦਰਸ਼ਨ ਦੇ ਕੇ ਨਿਵਾਜੋ ਜੀ।

# ਕਾਨਪੁਰ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ੫੦੦ ਸਾਲਾ ਪ੍ਰਕਾਸ਼ ਉਤਸ਼ਵ

ਸ: ਮੋਹਨ ਸਿੰਘ ਜੀ ਗਾਰਡ ਇਤਲਾਹ ਦਿੰਦੇ ਹਨ ਕਿ ਕਾਨਪੁਰ ਦੀਆਂ ਸਮੂਹ ਸਿੱਖ ਜਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ੫੦੦ ਸਾਲਾ ਪ੍ਰਕਾਸ਼ ਉਤਸ਼ਵ ਗੁਰਪੁਰਬ ਦੇ ਸਬੰਧ ਵਿਚ ੨੫ ਮਈ ਸ਼ੁਕਰਵਾਰ ਤੋਂ ੨੭ ਮਈ ਐਤਵਾਰ ਤਕ ਸਵੇਰੇ ਸ਼ਾਮ ਕੀਰਤਨ ਸਮਾਗਮ ਹੋ ਰਹੇ ਹਨ। ਤਿੰਨੇ ਦਿਨ ਸਵੇਰੇ ੫ ਤੋਂ ਸਾਢੇ ੯ ਅਤੇ ਸ਼ਾਮ ਨੂੰ ੭ ਤੋਂ ੧੦ ਤਕ ਮੋਤੀ ਝੀਲ ਪਾਰਕ ਵਿਖੇ ਕੀਰਤਨ ਹੋਣਗੇ। ਐਸ. ਡੀ. ਓ. ਸਾਹਿਬ ਤੇ ਹੋਰ ਕੀਰਤਨੀ ਸਿੰਘ ਸਿੰਘਣੀਆਂ ਪੁਜ ਰਹੇ ਹਨ।

# ਸਿਖਾਂ ਵਾਲੀ (ਕੋਟ ਕਪੂਰਾ) ਜ਼ਿਲਾ ਫਰੀਦਕੋਟ ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਵੰਤ ਸਿੰਘ ਖਾਲਸਾ ਇਤਲਾਹ ਦੇਂਦੇ ਹਨ ਕਿ ਅਖੰਡ ਕੀਰਤਨੀ ਜਥਾ ਫਿਰੋਜ਼ਪੁਰ ਵਲੋਂ ਪਿੰਡ ਸਿਖਾਂ ਵਾਲੀ ਵਿਖੇ ੧੯ ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਕੋਟ ਕਪੂਰਾ ਸਟੇਸ਼ਨ ਤੋਂ ਸ਼ਾਮ ਨੂੰ ਸਤ ਵਜੇ ਟਰਾਲੀ ਚਲੇਗੀ। ਪਿੰਡ ਕੋਟ ਕਪੂਰੇ ਤੋਂ ਤਿੰਨ ਮੀਲ ਹੈ। ਆਇ ਦੀਦਾਰ ਬਖਸ਼ੋ ਜੀ।

www.AKJ.Org

# ਸ਼ਹੀਦੀ ਫ਼ੰਡ—ਹਿਸਾਬ ਕਿਤਾਬ

'ਸੂਰਾ' 'ਅਪ੍ਰੈਲ' ੧੯੭੯ ਵਿਚ ਛਪੇ ਹਿਸਾਬ ਤੋਂ ਅਗੇ :—

### ਆਮਦਨ

ਪ੍ਰੋ: ਗਿਆਨ ਸਿੰਘ ਜਲੰਧਰ ੨੦—੦
ਬੀਬੀ ਹਰਬੰਸ ਕੌਰ ਕੋਟਾ ੪੦—੦
ਗਿ: ਸੰਤ ਸਿੰਘ ਫਜ਼ੂਪੁਰ (ਗੁਰਦਾਸਪੁਰ) ੫੧—੦
ਸ੍ਰੀ ਕਿਸ਼ੋਰ ਚੰਦ ਪਹਿਲਾਜਾਣੀ ਤੇ ਸ੍ਰੀਮਤੀ
ਨਿਰਮਲ ਪੇਰੂਮਲ ਕਲਯਾਣੀ ੩੬—੦
ਸ: ਸੁਰਿੰਦਰ ਸਿੰਘ ਖੇਤਰੀ ਨਗਰ (ਰਾਜ:) ੧੨੫—੦
ਗਿ: ਸ਼ਮਸ਼ੇਰ ਸਿੰਘ ਖੇਤਰੀ ਨਗਰ ੧੦੦—੦
ਸ: ਅਵਤਾਰ ਸਿੰਘ ਬੜੋਦਾ ੫੦—੦
ਡਾ: ਬਲਦੇਵ ਸਿੰਘ, ਹਾਥੀਗੇਟ, ਅੰਮ੍ਰਿਤਸਰ ੫੦—੦
ਸ: ਤੀਰਥ ਸਿੰਘ, ਨਵੀਂ ਦਿੱਲੀ ੫੦—੦
ਸ: ਪਰਤਾਪ ਸਿੰਘ ਨਵੀਂ ਦਿਲੀ ੧੧—੦
ਅਖੰਡ ਕੀਰਤਨੀ ਜਥਾ ਜੰਮੂ ੨੫੧—੨੫
ਇਕ ਪ੍ਰੇਮੀ ਜੀ ੨੧—੦
ਸੂਰਾ ਚਿੱਟ ਨੰ: ੩੦੭੦ ੫੦—੦
ਸ: ਸੰਤੋਖ ਸਿੰਘ, ਸਮਰਾਵਾਂ ੧੧—੦
ਇਕ ਪ੍ਰੇਮੀ ਜੀ ੨੫—੦
ਸ: ਗੁਰਚਰਨ ਸਿੰਘ ਤੇ ਬੀਬੀ
ਅੰਮ੍ਰਿਤ ਕੌਰ ਕਲਕਤਾ ੩੪੬—੦
ਸ: ਦਲੀਪ ਸਿੰਘ ਸੋਨੀ ਕਲਕਤਾ ੧੦੧—੦
ਅਖੰਡ ਕੀਰਤਨੀ ਜਥਾ ਭੁਪਾਲ ੧੨੫—੦
ਸ: ਮੁਖਤਿਆਰ ਸਿੰਘ, ਪਾਨੀਪਤ ੧੧—੦
ਅਖੰਡ ਕੀਰਤਨੀ ਜਥਾ ਡਰਬੀ ਯੂ. ਕੇ. ੫੫੬—੮੦
ਸਾਰਜੰਟ ਕੁਲਦੀਪਸਿੰਘ ਮਤਵਾਲਾ ਬੰਗਲੌਰ ੩੧—੦
ਸ: ਸਰਦਾਰਾ ਸਿੰਘ, ੬੧-ਮਿਲਟਨ ਰੋਡ, ਗ੍ਰੇਵਂ ਜ਼ੈਡ
C/o ਸ: ਹਰਬਖਸ਼ ਸਿੰਘ ਸਰਾਏ ਯੂ.ਕੇ. ੧੬੨੯-੧੩
ਸ: ਅਵਤਾਰ ਸਿੰਘ, ਗਹਿਰੀ ਮੰਡੀ (ਅੰਮ੍ਰਿਤਸਰ) ੧੦੦-੦
ਸੰਗਤ ਮਨਿਸਟ੍ਰੀ ਆਫ਼ ਡੀਫੈਂਸ ਮਸਕਟ ਉਮਾਨ
C/o ਸ: ਅਵਤਾਰ ਸਿੰਘ ਜ: ਫੋਰਮੈਨ ੧੫੪੦-੦
ਜਾਰਜ ਵੈਪੀ ਐਂਡ ਕੰਪਨੀ ਮਸਕਟ ਉਮਾਨ ੨੩੭੧-੦
ਜੇ ਐਂਡ ਪੀ ਕੰਪਨੀ ਮਸਕਟ ੧੪੦੮-੦
ਪੈਪਸੀ ਕੋਲਾ ਮਸਕਟ ੬੪੧-੦
ਗੁਰੂ ਨਾਨਕ ਸਤਸੰਗ ਨੌਟਿੰਗਮ ਯੂ ਕੇ ਵਲੋਂ
੧੫ ਸਜਣਾਂ ਤੇ ਗੁਰਦਵਾਰਾ ਫੰਡ ੯੬ ਪੌਂਡ ੧੬੦੩-੨੦

ਜੋੜ ੧੧੩੫੪-੩੮

### ਖਰਚ

ਕਾਨਪੁਰ ਸ਼ਹੀਦ ਕਸ਼ਮੀਰਾ ਸਿੰਘ ਪਰਵਾਰ ਤੇ
ਦੋ ਫਟੜਾਂ ਲਈ ਸਹਾਇਤਾ ੫੦੦੦-੦
ਅਕਾਲੀ ਤੇ ਅਜੀਤ ਅਖਬਾਰਾਂ ੧੮-੩੦
ਡਾਕ ਖਰਚ ੨੪ ਅਪ੍ਰੈਲ ਤਕ ੧੩-੩੫

ਜੋੜ ੫੦੩੧-੬੫

ਸ਼ਹੀਦ ਭਾ: ਗੁਰਚਰਨ ਸਿੰਘ ਦੇ ਪਿਤਾ ਭਾਈ ਦਲੀਪ ਸਿੰਘ ਦੇ ਪਤੇ ਤੋਂ ਡਰਾਫਟ ਦੀ ਰਜਿਸਟ੍ਰੀ ਵਾਪਸ ਆ ਗਈ।

ਕੈਸ਼ ਹੋਣ ਵਾਲੀਆਂ ਰਕਮਾਂ —

ਸ: ਦਲਜੀਤ ਸਿੰਘ ਦਿਉਲ ਅਮ੍ਰੀਕਾ ਡਾਲਰ ੫੦-੦
ਸ: ਤੇਜਿੰਦਰ ਸਿੰਘ ਭੋਗਲ ਕੈਨੇਡਾ ਡਾਲਰ ੩੧-੦
ਸੰਗਤ ਲਮਿੰਗਟਨ ਤੇ ਵਾਰਿਕ ਯੂ. ਕੇ. ਪੌਂਡ ੧੩੨-੦
ਭਾ: ਰਤਨ ਸਿੰਘ Chatham U.K. ਪੌਂਡ ੧੦੧-੦

ਦਾਸਰਾ—ਰਾਮ ਸਿੰਘ (ਜਥੇਦਾਰ)

# ਅਖੰਡ ਕੀਰਤਨੀ ਜਥਾ ਕੇਂਦਰੀ ਫੰਡ ਹਿਸਾਬ ਕਿਤਾਬ

ਵਖ ਵਖ ਗੁਰਸਿਖਾਂ ਵਲੋਂ ਕੇਂਦਰੀ ਫੰਡ ਲਈ ਭੇਜੀ ਜਾ ਰਹੀ ਮਾਇਆ ਗੁਰਮਤਿ ਪਰਚਾਰ ਅਤੇ ਲੋੜਵੰਦ ਗੁਰਸਿਖਾਂ ਦੀ ਯੋਗ ਸਹਾਇਤਾ ਆਦਿ ਲਈ ਹੈ। ਸਾਰੇ ਗੁਰਸਿਖਾਂ ਵਲੋਂ ਇਸ ਫੰਡ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ ਜੀ।

### ਆਮਦਨ—

ਭਾਈ ਗੁਰਦਿਆਲ ਸਿੰਘ ਜੀ ਗਾਰਡ ੫੦-੦੦
ਭਾਈ ਮੋਹਨ ਸਿੰਘ ਜੀ ਬੁਲ੍ਹੋਵਾਲ ੧੮੮-੦੦
ਸ: ਹਰਪ੍ਰਕਾਸ਼ ਸਿੰਘ ਤੇ ਮਹਾਰਾਜ ਦਾ ਚੜ੍ਹਾਵਾ ੧੦੧-੦
ਡਾਕਟਰ ਦਲਬੀਰ ਸਿੰਘ ਜੀ ਨਵੀਂ ਦਿਲੀ ੨੦-੦
Trans Jamna Colonies ਦਿਲੀ ੯੧-੦
ਅਖੰਡ ਕੀਰਤਨੀ ਜਥਾ ਗੁਰਦਾਸਪੁਰ ੧੬੧-੦
ਅਖੰਡ ਕੀਰਤਨੀ ਜਥਾ ਇਲਾਕਾ ਵੈਰੋਵਾਲ ੧੨੬-੦
Bright Surface Coaters, ਦਿਲੀ ੫੦੦-੦
ਸੰਗਤ ਵੈਸਟ ਜ਼ੋਨ ਕਾਲੋਨੀਜ਼, ਦਿਲੀ ੧੦੬-੦
ਸੂਬੇਦਾਰ ਗੁਰਚਰਨ ਸਿੰਘ ਜੀ, ਦਿਲੀ ੫-੦
ਮਿਸਤ੍ਰੀ ਲਾਲ ਸਿੰਘ ਜੀ ਮਹਾਰਾਜ ਦਾ ਚੜ੍ਹਾਵਾ ੩੭-੭੨
ਸ: ਮੋਹਨ ਸਿੰਘ ਫਰੀਦਾਬਾਦ ੧੦੧-੦
ਸ: ਆਗਿਆ ਸਿੰਘ ਜੀ, ਸਰੂਪ ਨਗਰ, ਕਾਨਪੁਰ ੫੦੦-੦
ਡਾ: ਦਲਬੀਰ ਸਿੰਘ ਉਤਮ ਨਗਰ, ਨਵੀਂ ਦਿਲੀ ੭੬-੦

੨੦੬੨-੭੨

### ਫੁਟਕਲ ਖਰਚ

ਸਟੇਸ਼ਨਰੀ, ਡਾਕ ਖਰਚ, ਰਜਿਸਟ੍ਰੇਸ਼ਨ ਫ਼ੀ ਆਦਿ ੭੫੯-੪੮

ਬਾਕੀ ੧੩੦੩-੨੪

ਮਿਤੀ
25-4-79

ਸੰਗਤਾਂ ਦਾ ਸੇਵਾਦਾਰ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਆਖ਼ਰੀ ਮੈਂਬਰ ਦੇ 650/- ਅਤੇ ਬਾਕੀ ਸਭ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਸਭ ਦੇ ਨਾਵਾਂ ਦੀਆਂ ਬੈਂਕ ਵਿਚੋਂ ਬਣਵਾਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ--

| | | | | |
|---|---|---|---|---|
| 501. ਡਾ: ਏ. ਐਸ. ਸੰਧੂ | (ਚਿਟ ਨੰ: | 3501) | 223861/413/79 | ਮਿਤੀ 24-4-79 |
| 502. ਸ. ਕੇ. ਐਸ. ਵਧਵਾ | ( ,, ,, | 3502) | 223862/414/79 | ,, |
| 503. ਮੇਜਰ ਮਨੋਹਰ ਸਿੰਘ | ( ,, ,, | 3503) | 223863/415/79 | ,, |
| 504. ਸ. ਗੁਰਦੇਵ ਸਿੰਘ ਕਾਨਪੁਰ | ( ,, ,, | 3504) | 223864/416/79 | ,, |
| 505. ਸ. ਸਾਧੂ ਸਿੰਘ ਕਪੂਰਥਲਾ | ( ,, ,, | 3505) | 223865/417/79 | ,, |
| 506. ਸ. ਮਨਮੋਹਨ ਸਿੰਘ ਅਨੰਦ | ( ,, ,, | 3506) | 223866/418/79 | ,, |
| 507. ਸ. ਪਰਤਾਪ ਸਿੰਘ ਤੇਜ ਕੌਰ | ( ,, ,, | 3507) | 223867/419/79 | ,, |
| 508. ਸ. ਅਮਰਜੀਤ ਸਿੰਘ S/o ਸ੍ਰੀ ਰਾਮ ਕਿਸ਼ਨ | ( ,, ,, | 3508) | 223868/420/79 | ,, |
| 509. ਸ. ਅਵਤਾਰ ਸਿੰਘ ਬੀ. ਐਸ. ਓ. | ( ,, ,, | 3509) | 223869/421/79 | ,, |
| 510. ਸ. ਭਾਗ ਸਿੰਘ ਕਾਨਪੁਰ | ( ,, ,, | 3510) | 223870/422/79 | ,, |
| 511. ਸ. ਬਲਵੰਤ ਸਿੰਘ ਕਾਨਪੁਰ | ( ,, , | 3511) | 223871/423/79 | ,, |
| 512. ਬੀਬੀ ਤ੍ਰਿਲੋਚਨ ਕੌਰ D/o Cpl. ਕੁਲਦੀਪ ਸਿੰਘ | ( ,, ,, | 3512) | 223872/424/79 | ,, |
| 513. ਬੀਬੀ ਬਲਬੀਰ ਕੌਰ ਅਟਵਾਲ ਯੂ.ਕੇ. | ( ,, ,, | 2120) | 223875/427/79 | 25-4-79 |

## ਅਮਾਨਤੀ ਲਾਈਫ਼ ਮੈਂਬਰ ਪ੍ਰਦੇਸਾਂ ਲਈ ਰੇਟ

ਯੂ. ਕੇ. ਅਫਰੀਕਾ ਆਦਿ ਲਈ 650/-, ਅਰਬ ਮਲਾਇਆ ਆਦਿ 500/-, ਕੈਨੇਡਾ ਅਮਰੀਕਾ 750/-

## 'ਸੂਰਾ' ਮਾਸਕ ਪੱਤਰ ਦੇ ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦਾ ਖਤਮ ਹੋਣ ਦੀ ਮੋਹਰ ਜਿਸ ਮਹੀਨੇ ਪਰਚੇ ਤੇ ਲਗੀ ਹੋਈ ਪੁਜੇ, ਓਸੇ ਮਹੀਨੇ ਆਪਣਾ ਚੰਦਾ ਭੇਜੋ ਜੀ।

੨. ਰਕਮ ਭੇਜਣ ਲਗਿਆਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ। ਹਰ ਮਹੀਨੇ ਐਡਰੈਸ ਦੇ ਪਹਿਲਾਂ ਲਿਖਦੇ ਹਾਂ।

---

## ਬਠਿੰਡੇ ਵਿਖੇ ਰੈਣ ਸਬਾਈ ਕੀਰਤਨ

ਗਿ: ਦਲੀਪ ਸਿੰਘ ਜੀ ਇਤਲਾਹ ਦਿੰਦੇ ਹਨ ਕਿ ੧੯ ਮਈ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸਿੰਘ ਸਭਾ ਬਠਿੰਡਾ ਵਿਚ ਰੈਣ ਸਬਾਈ ਕੀਰਤਨ ਹੋ ਰਹੇ ਹਨ ਜਿਸ ਵਿਚ ਫੀਰੋਜ਼ਪੁਰ, ਪਟਿਆਲਾ, ਮੋਗਾ ਤੇ ਲੁਧਿਆਣਾ ਤੋਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ।

---

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | | | | |
|---|---|---|---|---|---|---|---|
| ਜੇਲ੍ਹ ਚਿਠੀਆਂ | (ਨਵੇਂ ਰੂਪ ਵਿਚ) | ੧੨-੫੦ | ਅਣਡਿਠੀ ਦੁਨੀਆ | ੬-੨੫ | ਰੰਗਲੇ ਸਜਣ | ੪-੦੦ | |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | (,,) | ੫-੫੦ | ਗੁਰਮਤਿ ਬਿਬੇਕ | ੭-੫੦ | ਗੁਰਮਤਿ ਸੱਚ ਨਿਰਣੈ | | |
| ਗੁਰਮਤਿ ਵਿਚਾਰ | (,,) | ੫-੫੦ | ਝਟਕਾ ਮਾਸ ਪ੍ਰਥਾਇ ਨਿਰਣੈ | | | | |
| ਗੁਰਮਤਿ ਲੇਖ | (,,) | ੫-੫੦ | ਗੁਰਮਤਿ ਅਨਹਦ ਸ਼ਬਦ | | | | |
| ਗੁਰਮਤਿ ਪ੍ਰਕਾਸ਼ | (,,) | ੩-੭੫ | ਉਮਰ ਕੈਦੀ ਦਾ ਸੁਪਨਾ | | | | |
| ਸਬਦੁ ਗੁਰ ਪੀਰਾ | | ੦-੪੦ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | | | | |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | | ੦-੨੫ | ਤਿਮਰ ਅਗਿਆਨ ਤੋਂ ਚਾਨਣਾ | | | | |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | | ੦-੪੦ | ਅੰਮ੍ਰਿਤ ਕੀ ਹੈ — — ਅੰਮ੍ਰਿਤ ਕਲਾ | | | | |
| ਗੁਰਬਾਣੀ ਦੀ ਪਾਰਸ-ਕਲਾ | | ੦-੪੦ | ਸਿੰਘਾਂ ਦਾ ਪੰਥ ਨਿਰਾਲਾ | | | | |
| ਚਰਨ ਕਮਲ ਕੀ ਮਉਜ | | ੦-੭੫ | ਸੱਚੀਆਂ ਦਾੜ੍ਹੀਆਂ | ੦-੩੦ | ਵਾਹਿਗੁਰੂ | | |
| ਕੀ ਕੇਸ ਰਖਣੇ ਜ਼ਰੂਰੀ ਹਨ ? | | ੦-੩੦ | ਬਾਬਾ ਵੈਦ ਰੋਗੀਆਂ ਦਾ | | | | |
| ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ | | ੧-੦੦ | ਸਚਖੰਡ ਦਰਸ਼ਨ | [illegible] | ਗੁਰ | | |

www.AKJ.Org

# ਹੁਸ਼ਿਆਰਪੁਰ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ ਸਮਾਗਮ

## *27 ਮਈ ਐਤਵਾਰ ਸਵੇਰ ਤੋਂ 31 ਮਈ 1979 ਵੀਰਵਾਰ ਸਵੇਰ ਤਕ*

ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਮਾਗਮ ਹਰ ਸਾਲ ਵਾਂਗ ਹੁਸ਼ਿਆਰਪੁਰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ –

| | |
|---|---|
| 27 ਮਈ ਸਵੇਰੇ 5 ਤੋਂ 10 ਆਸਾ ਦੀ ਵਾਰ ਕੀਰਤਨ | ਗੁ: ਕਲਗੀਧਰ ਚਰਨ ਪਾਵਨ |
| ਰਾਤ 8 ਤੋਂ 10 ਅਖੰਡ ਕੀਰਤਨ | ਗੁਰਦਵਾਰਾ ਰੇਲਵੇ ਮੰਡੀ |
| 28 ਮਈ ਸਵੇਰੇ 5 ਤੋਂ 8 ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ | ਗੁ: ਕਲਗੀਧਰ ਚਰਨ ਪਾਵਨ |
| ਰਾਤ 8 ਤੋਂ 10 ਅਖੰਡ ਕੀਰਤਨ | ਗੁਰਦਵਾਰਾ ਗੋਕਲ ਨਗਰ |
| 29 ਮਈ ਸਵੇਰੇ 5 ਤੋਂ 12 ਅਖੰਡ ਕੀਰਤਨ | ਗੁ: ਭਾਈ ਜੋਗਾ ਸਿੰਘ ਸ਼ੇਖਾਂ ਮਹੱਲਾ |
| ਰਾਤ 8 ਤੋਂ 10 ਅਖੰਡ ਕੀਰਤਨ | ਗੁ: ਸਿੰਘ ਸਭਾ ਬਹਾਦਰ ਪੁਰ |
| 30 ਮਈ ਸਵੇਰੇ 5-30 ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤਕ | ਗੁ: ਕਲਗੀਧਰ ਚਰਨ ਪਾਵਨ |
| ਸ਼ਾਮ 4 ਵਜੇ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ | ,, ,, ,, |
| ਰਾਤ 8 ਵਜੇ ਰੈਣ ਸਬਾਈ ਕੀਰਤਨ ਅਰੰਭ, 31 ਮਈ ਸਵੇਰੇ 6 ਵਜੇ ਸਮਾਪਤੀ | ,, ,, ,, |

ਰਿਹਾਇਸ਼, ਲੰਗਰ ਆਦਿ ਦੇ ਪਰਬੰਧ ਲਈ ਗੁ: ਕਲਗੀਧਰ ਚਰਨ ਪਾਵਨ ਵਿਖੇ ਪੁਜੋ, ਜੋ ਬੱਸ ਅੱਡੇ ਦੇ ਨੇੜੇ ਹੈ ।

ਪੁੱਛ ਗਿੱਛ—੧. ਭਾਈ ਲਖਦੇਵ ਸਿੰਘ, ਜੇ. ਆਰ. ਗੌਰਮਿੰਟ ਪਾਲੀਟੈਕਨਿਕ ਕਾਲਜ, ਹੁਸ਼ਿਆਰਪੁਰ ।
੨. ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਾਜ਼ਾਰ, ਹੁਸ਼ਿਆਰ ਸਿੰਘ ।

---

# ਜੰਮੂੰ ਵਿਖੇ ਅਖੰਡ ਕੀਰਤਨ ਸਮਾਗਮ

## *9 ਜੂਨ ਸ਼ਨੀਵਾਰ ਸਵੇਰ ਤੋਂ 12 ਜੂਨ 1979 ਮੰਗਲਵਾਰ ਤਕ*

ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਇਸ ਸਾਲ 'ਛਟਮ ਪੀਰ' ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਉਤਸ਼ਵ ਪੁਰਬ ਜਮੂ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ–

| | |
|---|---|
| 9 ਜੂਨ ਸਵੇਰੇ 4 ਤੋਂ 7-30 ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ | ਸਿੰਘ ਸਭਾ ਗੁਰੂ ਨਾਨਕ ਨਗਰ, ਗਾਂਧੀ ਨਗਰ |
| ਸ਼ਾਮ 8 ਤੋਂ 10 ਅਖੰਡ ਕੀਰਤਨ | ਗੁ: ਕਲਗੀਧਰ ਬੀ. ਸੀ. ਰੋਡ, ਰਿਹਾੜੀ |
| 10 ਜੂਨ ਸਵੇਰੇ 4 ਤੋਂ 10 ਕੀਰਤਨ ਆਸਾ ਦੀ ਵਾਰ | ਗੁ: ਸਿੰਬਲ ਮੋੜ ਜੰਮੂ |
| ਸ਼ਾਮ 8 ਤੋਂ 10 ਅਖੰਡ ਕੀਰਤਨ | ਗੁ: ਚੱਠਾ ਫਾਰਮ ਜੰਮੂ |
| 11 ਜੂਨ ਸਵੇਰੇ 4-30 ਤੋਂ 9-30 ਭੋਗ ਸ੍ਰੀ ਅਖੰਡਪਾਠ ਤੇ ਕੀਰਤਨ | ਸਿੰਘ ਸਭਾ ਗੁਰੂ ਨਾਨਕ ਨਗਰ, ਗਾਂਧੀ ਨਗਰ |
| ਸ਼ਾਮ 4 ਵਜੇ ਅੰਮ੍ਰਿਤ ਸਿੰਚਾਰ ਅਰੰਭ | ,, ,, ,, |
| ਭਾਈ ਗੁਰਰਾਤ 8 ਵਜੇ ਰੈਣ ਸਬਾਈ ਕੀਰਤਨ ਅਰੰਭ, 12 ਜੂਨ ਸਵੇਰੇ 7-30 ਵਜੇ ਸਮਾਪਤੀ | ,, ,, ,, |

ਭਾਈ ਮੋਹਨ੧. ਲੰਗਰ ਆਦਿ ਦਾ ਪ੍ਰਬੰਧ ਗੁ: ਸਿੰਘ ਸਭਾ ਗੁਰੂ ਨਾਨਕ ਨਗਰ, ਗਾਂਧੀ ਨਗਰ ਰੇਲਵੇ ਸਟੇਸ਼ਨ ਜੰਮੂ ਦੇ ਨੇੜੇ ਹੈ ।
ਸ: ਹਰਪ੍ਰਕਾ. ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਉਣ ਦੀ ਕਿਰਪਾ ਕਰਨੀ ਜੀ।
ਡਾਕਟਰ ਦਲ.
Trans Ja. ਭਾਈ ਰਜਿੰਦਰ ਸਿੰਘ ਮਾਰਫਤ ਗੁ: ਸਿੰਘ ਸਭਾ ਗੁਰੂ ਨਾਨਕ ਨਗਰ, ਗਾਂਧੀ ਨਗਰ, ਜੰਮੂ
ਅਖੰਡ ਕੀਰਤਨ. ਭਾਈ ਮੇਲਾ ਸਿੰਘ ਜਥੇਦਾਰ, ਪਟੇਲ ਨਗਰ, ਮਕਾਨ ਨੰ: 21, ਗਾਂਧੀ ਨਗਰ, ਜੰਮੂ
ਅਖੰਡ ਕੀਰਤਨੀ

---

Bright Sur ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ
ਸੰਗਤ ਵੈਸਟ ਜ਼ੋਨ ਕ

ਮਿਤੀ
25-4-79

www.AKJ.Org